ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ

ਇਹ ਭਿਆਨਕ ਖ਼ੂਨੀ ਸਾਕਾ ੨੧ ਫ਼ਰਵਰੀ ੧੯੨੧ ਨੂੰ ਵਾਪਰਿਆ ਸੀ ।

FEB 1990



ਫ਼ਰਵਰੀ ੧੯੯੦

# ਤਤਕਰਾ


| | | |
|---|---|---|
| ਗੁਰਬਾਣੀ ਵੀਚਾਰ–ਅਧਮ ਚੰਡਾਲੀ ਭਈ ਬ੍ਰਹਮਣੀ | ੩ | ਆਸਾ ਮਹਲਾ ੫ |
| – – ਅਰਥ ਵਿਆਖਿਆ | ੪ | ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ |
| ਚਰਨ ਕਮਲ ਕੀ ਮਉਜ (੮) (ਆਖ਼ਰੀ ਕਿਸ਼ਤ) | ੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ | ੭ | ,, ,, ,, |
| ਤੇਰੇ ਭਾਣੇ ਸਰਬੱਤ ਕਾ ਭਲਾ | ੮ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸ਼ਹੀਦੀ ਸਾਕਾ ਨਨਕਾਣਾ ਸਾਹਿਬ–ਅੱਖੀਂ ਡਿਠੇ ਸਮਾਚਾਰ | ੧੦ | ਭਾਈ ਮੋਹਨ ਸਿੰਘ ਜੀ ਵੈਦ |
| ਗੁਰਸਿੱਖੀ ਬਾਰੀਕ ਹੈ (੧) | ੧੯ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ | ੨੨ | – – – |
| ਗੁਰਮਤਿ ਬਾਲ-ਪ੍ਰੀਖਿਆ ਲਈ ਜਾਣਕਾਰੀ | ੨੩ | ਗੁਰਬਾਣੀ ਥਰੈਪੀ ਟ੍ਰਸਟ |
| ਧਿਆਨ ਦੀ ਮਹੱਤਤਾ | ੨੮ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੫) | ੩੨ | ਕੈਪਟਨ ਸਵਰਨ ਸਿੰਘ ਜੀ |
| ਮਨੂੰ ਦੇ ਸੋਏ (ਇਤਿਹਾਸਕ ਕਵਿਤਾ) | ੩੭ | ਸ: ਅਤਰ ਸਿੰਘ ਜੀ ਨੀਰ |
| ਗੁਰਦੁਆਰਾ ਗੰਗਸਰ–ਜੈਤੋ ਦਾ ਮੋਰਚਾ | ੩੯ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |


| | | | |
|---|---|---|---|
| ਗੁਰੂ ਹਰਿ ਰਾਇ ਸਾਹਿਬ ਗੁਰ-ਗਦੀ ਦਿਵਸ | ੨੫ ਮਾਰਚ | ਗੁਰੂ ਅਮਰਦਾਸ ਜੀ ਗੁਰ-ਗਦੀ ਦਿਵਸ | ੨੭ ਮਾਰਚ |
| ਗੁਰੂ ਅੰਗਦ ਸਾਹਿਬ ਜੋਤੀ ਜੋਤਿ ਸਮਾਏ | ੩੦ ਮਾਰਚ | ਗੁਰੂ ਹਰਿ ਗੋਬਿੰਦ ਜੀ ਜੋਤੀ ਜੋਤਿ ਸਮਾਏ | ੩੧ ਮਾਰਚ |

ਹੋਲਾ ਮਹਲਾ ੧੨ ਮਾਰਚ

## ਆਪਣੇ ਨੇੜੇ 'ਸੂਰਾ' ਪੱਤਰ ਦੇ ਚੰਦੇ ਜਮ੍ਹਾ ਕਰਾਓ

ਹੇਠ ਲਿਖੇ ਨਿਸ਼ਕਾਮ ਸੇਵਕਾਂ ਪਾਸ ਆਪਣੇ ਅਤੇ ਨਵੇਂ ਮੈਂਬਰਾਂ ਦੇ ਚੰਦੇ ਜਮ੍ਹਾ ਕਰਾ ਕੇ ਰਸੀਦਾਂ ਲਓ ਜੀ—

1. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, 172–ਫ਼ੇਜ਼ 2, ਐਸ ਏ ਐਸ ਨਗਰ, ਮੋਹਾਲੀ
2. ਪਟਿਆਲਾ—ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, 79–ਇੰਦਰਪੁਰੀ ਕਾਲੋਨੀ, ਸਰਹੰਦ ਰੋਡ
3. ਦਿੱਲੀ—ਭਾਈ ਹਰਦਿਤ ਸਿੰਘ ਜੀ, 35–ਏ, ਫ਼ਤਹ ਨਗਰ
4. ਫ਼ਰੀਦਾਬਾਦ (ਹਰਿਆਣਾ) ਭਾਈ ਮੋਹਨ ਸਿੰਘ ਜੀ, ਕੋਠੀ ਨੰਬਰ 1129, ਸੈਕਟਰ 15
5. ਲੁਧਿਆਣਾ—ਭਾਈ ਅਜੀਤ ਸਿੰਘ ਜੀ ਵਿਯੋਗੀ ਨਿਕੇਤਨ, ਗਲੀ ਨੰਬਰ 7, ਫ਼ੀਲਡ–ਗੰਜ
6. ਜ਼ਿਲਾ ਸੰਗਰੂਰ ਪਿੰਡ ਹਰੀੜਾ (ਕੁਪ) ਘਲੂਘਾਰਾ— ਭਾਈ ਦਰਸ਼ਨ ਸਿੰਘ ਜੀ ਦਰਸ
7. ਕਾਨਪੁਰ —ਸ: ਹਰਚਰਨ ਸਿੰਘ ਜੀ ਟ੍ਰਾਂਸਪੋਰਟ, 122/175 ਸਰੋਜਨੀ ਕਾਲੋਨੀ
8. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰਬਰ 2, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

## ਭਾਈ ਸੋਭਾ ਸਿੰਘ ਜੀ ਹੁਸ਼ਿਆਰਪੁਰ ਅਕਾਲ ਚਲਾਣਾ ਕਰ ਗਏ

ਭਾਈ ਹਰਮਿੰਦਰ ਸਿੰਘ ਜੀ ਹੁਸ਼ਿਆਰਪੁਰ ਮੁਖੀ ਸੇਵਾਕਾਰਾਂ ਵਿਚ ਸੇਵਾ ਨਿਭਾਉਣ ਵਾਲੇ ਗੁਰੂ ਕੇ ਲਾਲ ਹਨ, ਉਨ੍ਹਾਂ ਦੇ ਬਜ਼ੁਰਗ ਪਿਤਾ ਭਾਈ ਸੋਭਾ ਸਿੰਘ ਜੀ ੧੮–੧–੯੦ ਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰਪੁਰੀ ਸਿਧਾਰ ਗਏ। ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰ ਨੂੰ ਚੜ੍ਹਦੀਆਂ ਕਲਾਂ ਵਿਚ ਰਖਣ।

ਗੁ: ਸ੍ਰੀ ਮੁਕਤਧਾਮ, ਮਹੱਲਾ ਕੱਚਾ ਟੋਬਾ, ਹੁਸ਼ਿਆਰਪੁਰ ਵਿਖੇ 24 ਫ਼ਰਵਰੀ ਰੈਣ ਸਬਾਈ ਕੀਰਤਨ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੈੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧–੨–੯੦ ਨੂੰ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸ੍ਰੀ ਅੰਮ੍ਰਿਤਸਰ — ਮਾਸਕ ਪੱਤਰ

ਸਾਲਾਨਾ ਚੰਦਾ
ਦੇਸ ੧੫-००
ਇਕ ਪਰਚਾ ੧-੫०

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪०-००
ਹਵਾਈ ਡਾਕ ੧००-००

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ
ਦੇਸ ੧੫०-००
ਪਰਦੇਸ(ਸਾਰੇ ਦੇਸ)
ਸਮੁੰਦਰੀ ਡਾਕ ੪००-००
ਹਵਾਈ ਡਾਕ ੧०००-००

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੪ ਫ਼ਰਵਰੀ ੧੯੯० ਅੰਕ ੨

## ਗੁਰਬਾਣੀ ਵੀਚਾਰ

ਆਸਾ ਮਹਲਾ ੫ [੩੯੧]

ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥
ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥
ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥
ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ਰਹਾਉ॥
ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥
ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥
ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥
ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥
ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥
ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥



www.AKJ.Org

# ਅਰਥ ਵਿਆਖਿਆ

ਪਿਛਲੇ ਪੰਨੇ ਤੇ ਦਿਤੇ ਸ਼ਬਦ ਵਿਚਲੀ ਬੁਝਾਰਤ ਨੂੰ ਬੁਝਣ ਲਈ ਸ਼ਬਦ ਦੀ ਆਖ਼ਰੀ ਤੁਕ ਨੂੰ ਸਾਹਮਣੇ ਰਖਿਆਂ ਘੁੰਡੀ ਆਪਣੇ ਆਪ ਹੀ ਖੁਲ੍ਹਦੀ ਜਾਂਦੀ ਹੈ। ਇਸ ਤੁਕ ਵਿਚ ਦਸਿਆ ਹੈ ਕਿ ਜਿਸ ਪ੍ਰਾਣੀ ਨੂੰ ਸਤਿਗੁਰੂ ਨੇ ਨਾਮ-ਅੰਮ੍ਰਿਤ ਦੀ ਬਖ਼ਸ਼ਸ਼ ਕਰ ਦਿਤੀ ਹੈ, ਉਹ ਪ੍ਰਾਣੀ ਨਾਮ-ਅੰਮ੍ਰਿਤ-ਰਸ ਦੇ ਛਾਂਦੇ ਭੁੰਚ ਭੁੰਚ ਵਿਗਸਦਾ ਹੈ, ਹੁਲਾਸ ਵਿਚ ਆਂਦਾ, ਅਥਵਾ, ਖਿੜ ਜਾਂਦਾ ਹੈ। ਉਹ ਸੁਰਤੀ-ਬ੍ਰਿਤੀ ਜੋ ਬੜੀ ਦੁਖਦਾਈ ਤੇ ਭਿਆਨਕ ਰੂਪ ਵਿਚ ਮਨੁਖ ਨੂੰ ਖੁਆਰ ਕਰ ਰਹੀ ਹੁੰਦੀ ਹੈ, ਨਾਮ-ਅੰਮ੍ਰਿਤ ਦੀ ਬਰਕਤ ਨਾਲ ਆਪਣਾ ਸੁਭਾਵ ਬਦਲ ਕੇ ਮਨੁਖ ਦੇ ਕੇਵਲ ਅਨੁਸਾਰੀ ਹੀ ਨਹੀਂ, ਸਗੋਂ ਸਹਾਇਕ ਹੋ ਜਾਂਦੀ ਹੈ।

ਹੁਣ ਇਸੇ ਸੇਧ ਵਿਚ ਸਾਰੇ ਸ਼ਬਦ ਦੀ ਅਰਥ-ਵਿਚਾਰ ਕਰਦੇ ਹਾਂ ਜੀ–

**ਪਹਿਲਾ ਬੰਦ**–ਜਿਹੜੀ ਬ੍ਰਿਤੀ ਤਮੋ ਗੁਣਾਂ ਦੇ ਕਾਰਨ "ਸੂਦੀ ਅਧਮ ਚੰਡਾਲੀ", ਭਾਵ, ਸ਼ੂਦਰਨੀ ਅਤੇ ਅਤਿ ਨੀਚ ਚੰਡਾਲਣੀ ਹੋਈ ਪਈ ਸੀ, ਉਹ ਨਾਮ-ਅੰਮ੍ਰਿਤ ਦੀ ਬਰਕਤ ਨਾਲ "ਭਈ ਬ੍ਰਹਮਣੀ ਸ੍ਰੇਸਟਾਈ ਰੇ" ਬ੍ਰਾਹਮਣੀ, ਭਾਵ, ਬ੍ਰਹਮਵੇਤਾ ਅਤੇ ਸ੍ਰੇਸ਼ਟ ਹੋ ਗਈ ਹੈ, ਬਹੁਤ ਉਤਮ ਹੋ ਗਈ ਹੈ। ਉਸ ਵਿਚ ਤਮੋ ਗੁਣਾਂ ਦੀ ਥਾਂ ਸਾਤਵਿਕ ਗੁਣਾਂ ਨੇ ਆ ਪਰਵੇਸ਼ ਕੀਤਾ ਹੈ। "ਲਹਬਰ" ਅੱਗ ਦੇ ਭਾਂਬੜ ਵਾਂਗ ਮਚਦੀ ਤ੍ਰਿਸ਼ਨਾ ਵਾਲੀ ਬ੍ਰਿਤੀ, ਜੋ ਪਤਾਲਾਂ ਤੋਂ ਲੈ ਕੇ ਅਕਾਸ਼ਾਂ ਤਕ ਦੇ ਦੁਨਿਆਵੀ ਪਦਾਰਥ ਪਾ ਕੇ ਵੀ ਸਖਣੀ ਰਹਿੰਦੀ ਸੀ, ਭਾਵ, ਰਜਦੀ ਨਹੀਂ ਸੀ, ਉਸ ਦੀ ਭੜ ਭੜ ਕਰਦੀ ਤ੍ਰਿਸ਼ਨਾ-ਅਗਨੀ ਹੁਣ ਨਾਮ-ਅੰਮ੍ਰਿਤ ਦੇ ਤੁਫ਼ੈਲ ਬੁਝ ਗਈ ਹੈ; ਉਹ ਵਿਗਾਸ ਵਾਲੀ ਉਚੀ ਅਵਸਥਾ ਦੇ ਕਾਰਨ ਤ੍ਰਿਸ਼ਨਾ-ਅਗਨੀ ਦੇ ਭਾਂਬੜਾਂ ਨੂੰ ਖਾ ਗਈ ਹੈ, ਭਾਵ, ਅੰਤਰ-ਆਤਮੇ ਨਾਮ-ਰਸ ਦੀ ਠੰਢ ਵਰਤ ਗਈ ਹੈ, ਅੰਦਰ ਸ਼ਾਂਤ ਹੋ ਗਿਆ ਹੈ।

**ਰਹਾਉ ਵਾਲਾ ਬੰਦ**–ਨਾਮ-ਅੰਮ੍ਰਿਤ-ਰਸ ਵਿਚ ਲੀਨ ਹੋਣ ਕਾਰਨ "ਘਰ ਕੀ ਬਿਲਾਈ" ਪਹਿਲੀ ਸੰਤੋਖ-ਹੀਣ ਬਿੱਲੀ (ਬ੍ਰਿਤੀ) ਹੁਣ ਹੋਰ ਤਰ੍ਹਾਂ ਦੀ ਸਿਖਿਆ ਸਿਖ ਗਈ ਹੈ, ਅਗੇ ਜਿਹੜੀ ਲਾਲਚੀ ਬ੍ਰਿਤੀ (ਬਿੱਲੀ) ਪਦਾਰਥਾਂ ਰੂਪੀ ਚੂਹੇ (ਮੂਸਾ) ਵੇਖ ਕੇ, ਉਨ੍ਹਾਂ ਨੂੰ ਲਪਕ ਲਪਕ ਕੇ ਪੈਂਦੀ ਸੀ, ਹੁਣ ਉਨ੍ਹਾਂ ਪਦਾਰਥਾਂ ਦੇ ਭੋਗਾਂ ਤੋਂ ਡਰਦੀ ਹੈ। ਸਤਿਗੁਰੂ ਨੇ ਨਾਮ-ਅੰਮ੍ਰਿਤ ਬਖ਼ਸ਼ ਕੇ ਹੰਕਾਰ ਰੂਪ ਸ਼ੇਰ (ਕੇਹਰ) ਨੂੰ ਨਿਮਰਤਾ ਰੂਪੀ ਬਕਰੀ (ਅਜ) ਦੇ ਵਸ ਕਰ ਦਿਤਾ ਹੈ, ਭਾਵ ਹੰਕਾਰ ਦੀ ਥਾਂ ਨਿਮਰਤਾ ਦਾ ਵਾਸਾ ਹੋ ਗਿਆ ਹੈ। ਮਾਸ ਭਖਣ ਵਾਲੇ ਕੂਕਰ (ਕੁੱਤੇ), ਭਾਵ, ਤਮੋ ਗੁਣੀ ਇੰਦਰੇ "ਤਿਨਹਿ" ਘਾਹ ਖਾਣ ਵਲ ਲਾ ਦਿਤੇ ਹਨ, ਭਾਵ, ਉਹ ਸਤੋ ਗੁਣੀ ਸੁਭਾਵ ਵਾਲੇ ਹੋ ਗਏ ਹਨ।

**ਦੂਜਾ ਬੰਦ**–ਨਾਮ-ਅੰਮ੍ਰਿਤ ਦੀ ਬਖ਼ਸ਼ਸ਼ ਸਦਕਾ [1]ਦਵੈਤਾ ਭਾਵ ਦੀਆਂ ਥੰਮ੍ਹੀਆਂ ਤੋਂ ਬਗ਼ੈਰ ਹੀ [2]ਮਨ ਗੁਰ-ਸ਼ਬਦ ਦੁਆਰਾ ਥੰਮ੍ਹਿਆ ਗਿਆ ਹੈ, ਨਿਜ-ਘਰ ਉਸ ਦਾ ਟਿਕਾਣਾ ਬਣ ਗਿਆ ਹੈ, ਅਤੇ ਉਹ ਸਹਿਜ ਸੁਖ ਵਿਚ ਸਮਾਅ ਗਿਆ ਹੈ। ਪਹਿਲਾਂ ਜਿਹੜਾ ਮਨ ਕਿਸੇ ਜੜੀਏ ਤੋਂ ਬਿਨਾਂ ਹੀ ਅਘੜ ਜਾਂ ਬੇ-ਮਰਯਾਦਾ ਭਟਕਦਾ ਫਿਰਦਾ ਸੀ, ਉਸ [3]ਅਘੜ ਮਨ ਨੂੰ ਸਤਿਗੁਰੂ ਨੇ ਨਾਮ ਦਾ ਅਮੋਲਕ ਤੇ ਅਸਚਰਜ ਥੇਵਾ ਲਾ ਕੇ ਸੁੰਦਰ [4]ਜੜਤ ਵਾਲਾ ਬਣਾ ਦਿਤਾ ਹੈ।

**ਤੀਜਾ ਬੰਦ**–ਗਿਲੇ ਗੁਜ਼ਾਰੀਆਂ ਕਰਨ ਵਾਲੇ ਮਨ ਦੀਆਂ ਦਾਦ-ਫ਼ਰਿਆਦਾਂ ਮੁਕਦੀਆਂ ਹੀ ਨਹੀਂ ਸਨ, ਹੁਣ ਨਾਮ-ਅੰਮ੍ਰਿਤ-ਰਸ ਦੇ ਗਟਾਕ, ਰਸ ਰਸ ਪੀਣ ਸਦਕਾ ਗਿਲੇ ਗੁਜ਼ਾਰੀਆਂ ਵਲੋਂ ਸ਼ਾਂਤ (ਚੁਪ) ਹੋ ਗਿਆ ਹੈ ਅਤੇ ਉਸ ਨੂੰ ਨਿਸਚਿਤ ਹੋ ਗਿਆ ਹੈ ਕਿ ਜੋ ਕੁਝ ਪ੍ਰਭੂ-ਰਜ਼ਾ ਵਿਚ ਹੁੰਦਾ ਹੈ, ਉਹੀ ਠੀਕ ਹੈ, ਇਨਸਾਫ਼ ਹੈ। ਇਸੇ ਤਰ੍ਹਾਂ "ਨੈਨ ਦਿਖਾਲਨੁ" ਅੱਖਾਂ ਕਢ ਕਢ ਕੇ ਦੂਜਿਆਂ ਨੂੰ ਘੂਰਨ ਵਾਲਾ ਸੁਭਾਉ ਹੁਣ ਜਾਂਦਾ ਰਿਹਾ ਹੈ ਅਤੇ ਹੰਕਾਰਨ ਬ੍ਰਿਤੀ ਹੁਣ ਆਪਾ-ਭਾਵ ਤੋਂ 'ਮਿਰਤਕੁ' ਹੋ ਕੇ [5]ਦੁਲੀਚਾ ਮਲ ਬੈਠੀ ਹੈ, ਭਾਵ, ਨਿਮਰਤਾ ਆ ਜਾਣ ❀

1. ਦੁਚਿਤੇ ਕੀ ਦੁਇ ਥੂਨਿ ਗਿਰਾਨੀ......(ਗਉੜੀ ਚੇਤੀ ਕਬੀਰ ਜੀ, ਪੰਨਾ ੩੩੧)
2. ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥੩॥੧੫॥ (ਸੁਖਮਨੀ ਸਾਹਿਬ)
3. ਅਬਲ ਬਲੁ ਤੋੜਿਆ, ਅਚਲ ਚਲੁ ਥਪਿਆ, ਅਘੜੁ ਘੜਿਆ, ਤਹਾ ਅਪਿਉ ਪੀਆ ॥ (ਮਾਰੂ ਜੈਦੇਉ ਜੀਉ, ਪੰਨਾ ੧੧੦੬)
4. ਹਰਿ ਹਰਿ ਹਾਰੁ ਕੰਠਿ ਹੈ ਬਨਿਆ, ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥੬॥ (ਬਿਲਾਵਲੁ ਅਸ: ਮ: ੪, ਪੰਨਾ ੮੩੬)
5. ਤਿ ਨਰ ਦੁਲੀਚੇ ਬਹਹਿ ਤਿ ਨਰ ਉਥਪਿ ਬਿਥਪਹਿ ॥੨॥੧੧॥ (ਸਵਈਏ ਮਹਲੇ ਤੀਜੇ ਕੇ), ਪੰਨਾ ੧੩੯੪

www.AKJ.Org

# ਚਰਨ ਕਮਲ ਕੀ ਮਉਜ [੮]

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## ਦਿੱਬ ਦ੍ਰਿਸ਼ਟਾਈਆਂ ਅੱਖੀਆਂ ਤੇ ਕੰਨਾਂ ਦੇ ਕਪਾਟ ਖੁੱਲ੍ਹਣੇ

ਚਰਨ ਕੰਵਲਾਂ ਦੇ ਮਉਜਾਰੀ ਜਨ ਨੂੰ ਚਰਨ ਕੰਵਲਾਂ ਦੇ ਰਸ-ਤੇਜ ਮਈ ਜੋਤਿ-ਜਗੰਨੇ ਦਰਸ਼ਨਾਂ ਦੀ ਪ੍ਰਾਪਤੀ ਹੋਣ ਨਾਲ ਹੀ ਪ੍ਰੀਤਮ ਦੀ ਸਮੱਗਰ ਪ੍ਰੇਮਾ ਭਗਤੀ ਦੀ ਬਿਧਿ, ਸੁਤੇ ਸੁਭਾਵ ਹੀ ਬਣਿ ਆਉਂਦੀ ਹੈ। ਜੈਸੇ ਕਿ ਇਸ ਅਗਲੇ ਗੁਰਵਾਕ ਅੰਦਰਿ ਨਿਰੂਪਨ ਹੈ :–

ਮੇਰੇ ਮਨ ਪ੍ਰੀਤਿ ਚਰਨ ਪ੍ਰਭ ਪਰਸਨ ॥
ਰਸਨਾ ਹਰਿ ਹਰਿ ਭੋਜਨ ਤ੍ਰਿਪਤਾਨੀ ਅਖੀਅਨ ਕਉ ਸੰਤੋਖੁ ਪ੍ਰਭ ਦਰਸਨ ॥੧॥ਰਹਾਉ॥
ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ ॥
ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ ॥੧॥
ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ ॥
ਕਰੁ ਗਹਿ ਲੀਏ ਨਾਨਕ ਜਨ ਅਪੁਨੇ ਅੰਧ ਘੋਰ ਸਾਗਰ ਨਹੀ ਮਰਸਨ ॥੨॥੧੦॥੨੯॥

[ਕਾਨੜਾ ਮਹਲਾ ੫, ਪੰਨਾ ੧੩੦੩

ਭਾਵ :–ਪ੍ਰੀਤਮ ਪ੍ਰਭੂ ਦੇ ਪਾਰਸ ਕਲਾ ਚੁੰਭਕੀ ਚਰਨ ਕੰਵਲ ਘਟ ਅੰਤਰ ਪਰਸਨ ਦੀ ਜੋਤਿ ਸਰਸਨੀ ਅਮਰ ਵਿਥਾਰਤਾ ਕਰਿ, ਰਸਨਾ ਨੂੰ ਨਾਮ ਰਟਣ ਦੀ ਹਰਿ-ਜੋਤਿ-ਰਹੱਸਨੀ ਸੁਤੇ ਸਫੁਰਤ ਚਾਬੀ ਲਗ ਜਾਂਦੀ ਹੈ ਅਤੇ ਇਹ ਰਸ ਅਮੀ ਅਹਿਲਾਦ ਦੇ ਬਿਸਮਾਦ ਸੁਆਦ ਗੀਧੀ ਰਸਨਾ, ਸਿਮਰਨ ਰੂਪੀ ਅੰਮ੍ਰਿਤ ਭੋਜਨ ਸੇਤੀ ਅਹਿਨਿਸ ਅਘਾਈ ਤ੍ਰਿਪਤਾਈ ਰਹਿੰਦੀ ਹੈ ਅਤੇ ਚਰਨ ਕੰਵਲ ਦੇ ਪਾਰਸ-ਪਰਸਨੀ ਪ੍ਰਭਾਵ ਕਰਿ, ਪ੍ਰਭ ਦਰਸ਼ਨ ਕਰਨ ਕਰਾਵਨਹਾਰੀ ਦਿੱਬ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ। ਇਹੋ ਅੱਖੀਆਂ ਦਿੱਬ ਦ੍ਰਿਸ਼ਟਾਈਆਂ, ਅਮੀ ਪ੍ਰੇਮ-ਕਟਾਕਸ਼ਾਈਆਂ ਅੱਖੀਆਂ ਹੋ ਜਾਂਦੀਆਂ ਹਨ। ਏਹਨਾਂ ਅੰਦਰਿ ਪ੍ਰੀਤਮ ਜੋਤੀ ਸਰੂਪ ਦੇ ਪਰਤੱਖ ਦਰਸ਼ਨ ਕਰਨ ਦੀ ਦਿੱਬਤਾ ਸਫੁਟ ਹੋਇ ਆਵੰਦੀ ਹੈ। ਫੇਰ ਤਾਂ ਇਹ ਅੱਖੀਆਂ ਦਰਸ਼ਨ, ਸਾਕਸ਼ਾਤ ਦਰਸ਼ਨ ਕਰਿ ਕਰਿ ਰਜਦੀਆਂ ਨਹੀਂ। ਅਹਿਨਿਸ ਏਹਨਾਂ ਦਿੱਬ-ਪਾਰਸ-ਰਸਾਇਣ-ਪ੍ਰਭੂਤੀ ਦਰਸ਼ਨਾਂ ਨਾਲ ਹੀ ਪੋਖੀਆਂ ਸੰਤੋਖੀਆਂ ਰਹਿੰਦੀਆਂ ਹਨ ਤੇ "ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ" ਦੀ ਦਸ਼ਾ ਵਾਲੀਆਂ ਹੋ ਜਾਂਦੀਆਂ ਹਨ। ਚਰਨ ਕੰਵਲ ਪਰਸਨ ਦੇ ਪ੍ਰਭਾਵ ਕਰਿ ਸ੍ਰਵਣਾਂ ਅੰਦਰਿ ਪ੍ਰੀਤਮ ਦਾ ਅਨਹਤ-ਨਾਦੀ-ਅਖੰਡ ਜਸ ਕੀਰਤਨ ਸੁਣਾਈ ਦੇਣ ਲਗ ਪੈਂਦਾ ਹੈ ਅਤੇ ਸਦਾ ਅਖੰਡਾਕਾਰ ਲਿਵ-ਸਰੋਤਿ-ਧੁੰਨੀ ਵਿਚ ਸੁਣਾਈ ਦਿੰਦਾ ਰਹਿੰਦਾ ਹੈ, ਜਿਸ ਦੇ ਪਾਰਸ ਸੈਕਲੀ ਪ੍ਰਭਾਵ ਕਰਕੇ ਸਾਰੇ ਕਲਮਲ ਦੋਖ ਅਤੇ ਸਾਰੇ ਜਨਮ-ਜਨਮਾਂਤਰੀ ਮੈਲਾਂ-ਦੇ-ਕਾਲਖ-ਦਾਗ ਦੂਰ ਹੋ ਜਾਂਦੇ ਹਨ (ਉਤਰ ਜਾਂਦੇ ਹਨ, ਧੋਤੇ ਜਾਂਦੇ ਹਨ)। ਚਰਨ ਕੰਵਲ ਦੀ ਮਉਜ ਵਾਲੇ ਮਖ਼ਮੂਰ ਜਨ ਦੀ ਡਗਮਗ ਮਸਤਾਨੀ ਚਾਲ ਵਾਲੇ ਪਗ-ਪੰਕਜ, ਸੁਆਮੀ ਸਿਰਜਨਹਾਰ ਦੇ ਸੁਖ ਸੰਪਤੀ ਪੰਥ (ਮਾਰਗ) ਵਲ ਹੀ ਮਧੁਰ ਮਧੁਰ ਮਟਕ ਸਹਿਤ ਧਾਵੰਦੇ ਹਨ ਅਤੇ ਚਰਨ ਕੰਵਲ ਦੀ ਮਉਜ ਵਿਚ ਮਸਤ ਗੁਰਮੁਖ ਸਿਖ ਸੰਤ ਜਨਾਂ ਦੀ ਸਮੁਚੀ ਕਾਇਆਂ ਅੰਗ ਅੰਗ ਸਹਿਤ ਅਮਿਓ-

ਕਾਰਨ ਸਤਿਕਾਰ ਜੋਗ ਹੋ ਗਈ ਹੈ।

**ਚੌਥਾ ਬੰਦ**–ਉਹ ਪ੍ਰਾਣੀ ਅਜਾਣ ਮੂਰਖ ਹੈ ਜਿਹੜਾ (ਕੁਝ ਪਾਏ ਤੋਂ ਬਿਨਾਂ ਜ਼ਬਾਨੀ ਜ਼ਬਾਨੀ) ਆਖੀ ਜਾਂਦਾ ਹੈ ਕਿ ਮੈਂ ਜਾਣ ਲਿਆ ਹੈ; ਮੈਂ ਕੁਝ ਪ੍ਰਾਪਤ ਕਰ ਲਿਆ ਹੈ। ਪਰ 'ਜਾਨਣਹਾਰੁ' ਜਿਸ ਨੇ ਕੁਝ ਪ੍ਰਾਪਤ ਕਰ ਲਿਆ ਹੁੰਦਾ ਹੈ, ਉਹ ਗੁੱਝਾ ਨਹੀਂ ਰਹਿ ਸਕਦਾ, ਉਹ ਬਿਨਾਂ ਦਸਿਆਂ ਹੀ ਆਪਣੇ ਆਪ ਹੀ ਪਰਗਟ ਪਹਾਰੇ ਸਭ ਨੂੰ ਦਿਸ ਰਿਹਾ ਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ 'ਨਾਨਕ' ਮੁਹਰ-ਛਾਪ ਹੇਠ ਕਥਨ ਕਰਦੇ ਹਨ ਕਿ ਸਤਿਗੁਰੂ ਨੇ ਜਿਸ ਪ੍ਰਾਣੀ ਨੂੰ ਨਾਮ-ਅੰਮ੍ਰਿਤ ਪੀਆਇਆ ਹੈ, ਉਹ ਰਸ ਰਸ ਕੇ ਗੁਣ ਗਾਂਦਾ ਹੋਇਆ ਅਨੰਦਤ ਹੋਇਆ ਰਹਿੰਦਾ ਹੈ।



www.AKJ.Org

ਦਰਸ਼ਨਾਂ ਦੇ ਸੁਧਾਸਰ ਵਿਚ ਨ੍ਹਾਇ ਮਜਨਾਇ ਕੇ ਸਦਾ ਸਰਸੀ ਹਰਸੀ ਰਹਿੰਦੀ ਹੈ। ਇਸ ਬਿਧਿ ਅਬਿਨਾਸ਼ੀ ਕਰਤੇ ਪੁਰਖ ਪ੍ਰੀਤਮ ਦੀ ਪੂਰਨ ਸ਼ਰਨ ਵਿਚ ਸਮਾਈਦਾ ਹੈ ਅਤੇ ਇਹ ਪੂਰਨ ਸ਼ਰਨ ਗਹਿ ਕੇ ਆਨ ਉਪਾਵ ਧਾਵ ਅਤੇ ਕਰਨ ਕਰਾਵ ਵਲੋਂ ਰਹਿ ਖਲੋਈਦਾ ਤੇ ਥੱਕ-ਥੰਮ ਖਲੋਈਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਚਰਨ ਕੰਵਲ ਮੌਜੀ ਗੁਰਮੁਖ ਜਨਾਂ ਨੂੰ ਪ੍ਰੀਤਮ ਪਾਰਬ੍ਰਹਮ ਵਾਹਿਗੁਰੂ ਨੇ ਆਪ ਹੱਥ ਫੜ ਕੇ ਅਪਣਾਅ ਲਿਆ ਹੈ। ਐਸੇ ਜਨ ਫਿਰ ਅੰਧ-ਘੋਰ ਭਵ-ਸਾਗਰ ਵਿਚ ਡੁਬ ਕੇ ਨਹੀਂ ਮਰਦੇ।

ਜੋ ਸੰਤ ਜਨ, ਚਰਨ ਕੰਵਲ ਸਰਨਾਈ ਹੀ, ਐਨ ਪ੍ਰਾਇਨਤਾ ਸੇਤੀ ਪਏ (ਪੈ) ਰਹਿੰਦੇ ਹਨ, ਓਹਨਾਂ ਦਾ ਵਾਹਿਗੁਰੂ ਸਦਾ ਹੀ ਸਹਾਈ ਹੁੰਦਾ ਹੈ ਅਤੇ ਸਹਾਈ ਰਹਿੰਦਾ ਹੈ। ਯਥਾ ਗੁਰਵਾਕ:–

ਸੰਤ ਜਨਾ ਕਾ ਸਦਾ ਸਹਾਈ ॥ ਚਰਨ ਕਮਲ ਨਾਨਕ ਸਰਣਾਈ ॥੪॥੩੯॥੫੦॥

(ਰਾਮਕਲੀ ਮਹਲਾ ੫, ਪੰਨਾ ੮੯੮

ਵਾਹਿਗੁਰੂ ਦੇ ਦਾਸ ਸੇਵਕ ਜਨ, ਜੋ ਉਸ ਦੇ ਚਰਨ ਕੰਵਲਾਂ ਕੀ ਮਉਜ ਦੇ ਰੰਗ ਵਿਚ ਰਤੜੇ ਰਹਿੰਦੇ ਹਨ, ਓਹਨਾਂ ਦੀ ਵਾਹਿਗੁਰੂ ਆਪ ਪੈਜ ਰਖਦਾ ਹੈ। ਯਥਾ ਗੁਰਵਾਕ :–

ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹ ਪੈਜ ਰਖਾਈਐ ॥੨॥੧੪॥੨੯॥

(ਗੂਜਰੀ ਮਹਲਾ ੫, ਪੰਨਾ ੫੦੦

ਵਾਹਿਗੁਰੂ ਦੇ ਚਰਨ ਕੰਵਲ ਸਦਾ ਹੀ ਸੁਖਦਾਈ ਹਨ। ਚਰਨ-ਕੰਵਲ-ਪੁਜਾਰੀਆਂ ਮਉਜਾਰੀਆਂ ਦੀਆਂ ਹਰ ਪ੍ਰਕਾਰ ਦੀਆਂ ਮਨੋ ਕਾਮਨਾਵਾਂ ਇੱਛਿਆਵਾਂ ਨੂੰ ਮਨ-ਚਿੰਦੇ ਫਲ ਲਗਦੇ ਹਨ ਅਤੇ ਉਹਨਾਂ ਦੀ ਕੋਈ ਆਸ ਭੀ ਬਿਰਥੀ ਨਹੀਂ ਜਾਂਦੀ। ਯਥਾ ਗੁਰਵਾਕ :–

ਹਰਿ ਕੇ ਚਰਨ ਸਦਾ ਸੁਖਦਾਈ ॥
ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ ਜਾਈ ॥੧॥ਰਹਾਉ॥੧੫॥੭੯॥

(ਸੋਰਠਿ ਮਹਲਾ ੫, ਪੰਨਾ ੬੨੮

ਚਰਨ ਕੰਵਲ ਰਿਦੈ-ਉਰਿਧਾਰਨੀ-ਸਿਮਰਨੁ (ਵਾਹਿਗੁਰੂ ਦਾ) ਸਭਿ ਕਿਲਵਿਖ ਦੁਖ ਕਟਣਹਾਰ ਹੈ। ਯਥਾ ਗੁਰਵਾਕ–

ਹਰਿ ਕੇ ਚਰਣ ਰਿਦੈ ਉਰਿ ਧਾਰਿ ॥
ਸਦਾ ਸਦਾ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ ॥੧॥ਰਹਾਉ॥੧੯॥੪੭॥

(ਸੋਰਠਿ ਮਹਲਾ ੫, ਪੰਨਾ ੬੨੦

ਚਰਨ ਕੰਵਲ ਆਧਾਰਨੀ ਮਉਜ ਦੀ ਬਚਿਤਰ ਮਹਿਮਾ ਹੇਠਲਾ ਗੁਰਵਾਕ ਕਿਆ ਖ਼ੂਬ ਕਰਦਾ ਹੈ:–

ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ ॥
ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥੧॥
ਹਰਿ ਕੇ ਚਰਨ ਕਮਲ ਆਧਾਰ ॥
ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ਚੜਿ ਲੰਘਉ ਬਿਖੁ ਸੰਸਾਰੁ ॥੧॥ਰਹਾਉ॥
ਭਏ ਕ੍ਰਿਪਾਲ ਪੂਰਨ ਅਬਿਨਾਸੀ ਆਪਹਿ ਕੀਨੀ ਸਾਰ ॥
ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਹੀ ਸੁਮਾਰ ॥੨॥੧੦॥੩੮॥ [ਸੋਰਠਿ ਮ: ੫–੬੧੮

ਵਿਆਖਿਆ–ਅਥਾਹ ਅਭਿਆਸ ਕਮਾਈ ਦੁਆਰਾ ਨਾਮ ਰੂਪੀ ਸੱਚੇ ਧਨ ਦਾ ਇਕੱਤਰ ਕੀਤਾ ਹੋਇਆ ਖ਼ਜ਼ਾਨਾ, ਚਰਨ ਕੰਵਲ ਆਧਾਰ ਮਈ ਅਗਮ ਅਪਾਰ ਅਤੇ ਅਖੁੱਟ ਪੂੰਜੀ ਹੈ, ਜਿਸ ਦੀ ਬਰਕਤ ਕਰਕੇ ਅਤੇ ਜਿਸ ਨੂੰ ਭੁੰਚ ਕੇ ਚਰਨ ਕੰਵਲ-ਆਧਾਰੀ ਨਾਮ ਨਿਰੰਕਾਰੀ ਦੇ ਅਭਿਆਸੀ ਜਨਾਂ ਦੇ ਸਮੂਹ ਸਿਖ ਪਰਵਾਰ, ਆਤਮ-ਸੁਖ ਮਈ ਆਨੰਦ ਬਿਨੋਦੀ ਰੰਗ-ਰਲੀਆਂ ਮਾਣਦੇ ਹਨ ਅਤੇ ਸਦ-ਜੀਵਨੀ ਅਮਰ ਜੀਵਨ ਬਤੀਤ ਕਰਦੇ ਹਨ। ਵਾਹਿਗੁਰੂ ਦੇ ਚਰਨ ਕੰਵਲਾਂ ਦੇ ਆਧਾਰ ਦਾ ਸੱਚਾ ਬੋਹਿਥਾ ਜਿਨ੍ਹਾਂ ਨੂੰ ਸਤਿਸੰਗਤ ਸਤਿਗੁਰੂ ਦੇ ਪ੍ਰਸਾਦਿ ਕਰਕੇ ਮਿਲ ਗਿਆ



www.AKJ.Org

ਹੈ, ਓਹ ਇਸ ਬੋਹਿਥ ਤੇ ਚੜ੍ਹ ਕੇ ਬਿਖ-ਸੰਸਾਰ ਤੋਂ ਪਾਰ ਉਤਰ ਗਏ ਹਨ। ਅਤੇ ਜੋ ਕੋਈ ਭੀ ਇਸ ਬੋਹਿਥ ਤੇ ਚੜ੍ਹੇਗਾ ਸੋ ਅਵੱਸ਼ ਭਵਜਲ ਤੋਂ ਪਾਰ ਪਵੇਗਾ। ਅਬਿਨਾਸ਼ੀ ਕਰਤਾ ਪੁਰਖ ਪੂਰਨ ਕਿਰਪਾਲੂ ਦਿਆਲੂ ਹੋ ਕੇ ਆਪ ਹੀ ਆਪਣੇ ਭਗਤ ਜਨਾਂ ਦੀ ਸਾਰ ਲੈਂਦਾ ਹੈ। ਸਾਰ ਭੀ ਲੈਂਦਾ ਹੈ ਤਾਂ ਸਨਮੁਖ ਸਾਂਗੋ ਪਾਂਗ ਖਲੋ ਕੇ, ਵਿਚ ਖਲੋ ਕੇ ਲੈਂਦਾ ਹੈ। ਕਰਤੇ ਪੁਰਖ ਨੂੰ ਵਿਚ, ਦਿੱਬ ਲੋਇਣਾਂ ਦੇ ਸਨਮੁਖ ਖਲੋਤਾ ਦੇਖ ਕੇ ਭਗਤ ਜਨ ਵਿਗਸ ਵਿਗਸ ਕੇ ਐਤਨਾ ਆਨੰਦਤ ਹੁੰਦੇ ਹਨ ਕਿ ਉਸ ਆਨੰਦ-ਵਿਗਾਸ ਦਾ ਸ਼ੁਮਾਰ ਪਾਰਾਵਾਰ ਹੀ ਨਹੀਂ ਪਾਇਆ ਜਾ ਸਕਦਾ।

ਸੱਚ ਮੁੱਚ ਚਰਨ ਕੰਵਲ ਕੀ ਮਉਜ ਦਾ ਅਨੰਦ ਅਕਹਿ ਹੈ। ਕੋਈ ਕਹੇ ਤਾਂ ਕੀ ਕਹੇ ? ਜਿਨ੍ਹਾਂ ਨੇ ਇਹ ਅਨੰਦ ਮਾਣਿਆ ਨਹੀਂ, ਓਹਨਾਂ ਨੂੰ ਪਤੀਜ ਕਿਵੇਂ ਆਵੇ ? ਕਹਿਣ ਮਾਤਰ ਤੋਂ ਕੋਈ ਨਹੀਂ ਪਤਿਆਉਂਦਾ, ਜਦ ਤਾਈਂ ਕਿ ਓਹ ਖ਼ੁਦ ਤਜਰਬਾ ਕਰ ਕੇ ਨਾ ਦੇਖ ਲਵੇ। ਬਾਹਜ ਦ੍ਰਿਸ਼ਟੀ ਵਾਲਿਆਂ ਨੂੰ ਬਾਹਜ ਪਦਾਰਥਾਂ ਦੀ ਹੋਂਦ ਉਤੇ ਹੀ ਪ੍ਰਤੀਤ ਆਉਂਦੀ ਹੈ। ਦਿੱਬ ਪਦਾਰਥਾਂ ਨੂੰ ਦਿੱਬ ਦ੍ਰਿਸ਼ਟੀ ਹੀ ਤਹਿਕੀਕ (ਪਛਾਣ, Realize) ਕਰ ਸਕਦੀ ਹੈ। ਬਾਹਜ ਮੁਖੀ ਦ੍ਰਿਸ਼ਟੀ ਵਾਲਿਆਂ ਦੇ ਨਿਕਟ ਹੱਡ, ਚੰਮ, ਮਾਸ ਵਾਲੇ ਚਰਨਾਂ ਤੋਂ ਛੁਟ ਦਿਬ ਮੂਰਤਿ, ਜੋਤਿ ਮੂਰਤਿ ਚਰਨਾਂ ਦੀ ਹੋਂਦ ਅਣਹੋਂਦ ਹੈ, ਪਰੰਤੂ ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਦੀ ਨਾਮ ਅਭਿਆਸ ਕਮਾਈ ਦੁਆਰਾ ਅੰਤਰ-ਆਤਮੇ ਦੀ ਦਿੱਬ ਦ੍ਰਿਸ਼ਟੀ ਖੁੱਲ੍ਹ ਗਈ ਹੈ, ਓਹਨਾਂ ਨੂੰ ਜੋਤਿ ਕ੍ਰਾਂਤੀ ਦਿਬ ਲਤੀਫ਼ੀ ਚਰਨ ਕੰਵਲਾਂ ਦੇ ਝਲਕਾਰੇ ਖਿਨ ਖਿਨ ਘਟ ਅੰਤਰ ਹੀ ਵਜਦੇ ਰਹਿੰਦੇ ਹਨ। ਉਹ ਸਦੀਵ ਹੀ ਮਹਾਂ ਆਨੰਦ ਬਿਨੋਦੀ ਆਤਮ-ਕੇਲ-ਰੰਗਾਂ ਵਿਚ ਚਰਨ ਕੰਵਲਾਂ ਦੀ ਮਉਜ ਦਾ ਲੁਤਫ਼ ਲੈਂਦੇ ਰਹਿੰਦੇ ਹਨ। ਯਥਾ ਗੁਰਵਾਕ :-

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ ॥
ਸਭਿ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ ॥੨੩੪॥ (ਪੰਨਾ ੧੩੭੭)

ਦੇ ਗੁਰਵਾਕ ਅਨੁਸਾਰ ਆਪਣਾ ਗੁਪਤ ਆਤਮ-ਅਨੰਦ ਕੇਲ ਰਚਾਈ ਰਖਦੇ ਹਨ ਅਤੇ ਕਿਸੇ ਨੂੰ ਲਖਾਉਂਦੇ ਜਣਾਉਂਦੇ ਨਹੀਂ। ਏਹ ਓਹਨਾਂ ਦੀ ਅਜਰ ਜਰਨ ਅਵਸਥਾ ਦੀ ਤਤ-ਲਖਤ-ਪਰਖ-ਕਸਉਟੀ ਹੈ ਅਤੇ ਚਰਨ ਕੰਵਲ ਦੀ ਮਉਜ ਦਾ ਅਜਰ ਜਰਿਆ ਅਉਜ ਹੈ। (ਪੁਸਤਕ 'ਚਰਨ ਕਮਲ ਕੀ ਮਉਜ' ਵਿਚੋਂ)

[ ਇਤਿ ]

# ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ

ਮਾਇਆ-ਮੋਹ ਵਿਚ ਮਨੂਰ ਹੋਏ ਮਨ ਅਤੇ ਭਰਮ-ਜਾਲ ਦੇ ਭਰਮਾਏ ਹੋਏ ਜੀਵ ਚਾਹੇ ਸ੍ਰਿਸ਼ਟੀ ਭਰ ਦੇ ਐਸ਼ਵਰਜ ਦੇ ਮਾਲਕ ਕਿਉਂ ਨਾ ਹੋ ਜਾਣ, ਘੋਰ ਅੰਧਕਾਰ ਵਿਚ ਹੀ ਭਟਕ ਰਹੇ ਹਨ, ਜੇਕਰ ਜੋਤਿ ਸਰੂਪੀ ਆਤਮਿਕ ਜੋਤਿ ਦੀ ਕਿਰਨ ਤਿਨ੍ਹਾਂ ਦੇ ਘਟ ਅੰਦਰ ਨਹੀਂ ਪ੍ਰਕਾਸ਼ੀ। ਚਤਰਾਈ ਸਿਆਣਪ ਦੇ ਮਾਇਆਵੀ ਮਦ ਵਿਚ ਮਤੇ ਹੋਏ ਮਗਜ਼ ਅਤੇ ਮਤ-ਮਤਾਂਤਰਾਂ ਦੀਆਂ ਸ਼ੁਸ਼ਕ ਫ਼ਿਲਾਸਫੀਆਂ ਅਤੇ ਨਵੀਨ ਵਾ ਪ੍ਰਾਚੀਨ ਜ਼ਮਾਨੇ ਦੀ ਨਾਨਾ ਪ੍ਰਕਾਰੀ ਸਾਇੰਸ ਦੇ ਮੁੱਠੇ ਹੋਏ ਹਿਰਦੇ, ਚਾਹੇ ਵਿਦਿਆ ਦੇ ਭੰਡਾਰ ਹੀ ਕਿਉਂ ਨਾ ਬਣੇ ਹੋਣ, ਹਨੇਰ ਗੁਬਾਰ ਵਿਚ ਹੀ ਭੰਬਲਭੂਸੇ ਖਾ ਰਹੇ ਹਨ, ਜੇਕਰ ਇਕ ਅਕਾਲੀ ਜੋਤਿ ਦਾ ਚਮਤਕਾਰ ਓਥੇ ਨਹੀਂ ਪਿਆ। ਜੋ ਹਿਰਦੇ ਇਸ ਸੱਚੀ ਜੋਤਿ ਸਰੂਪੀ ਰੌਸ਼ਨੀ ਤੋਂ ਸਖਣੇ ਹਨ, ਜੋ ਮਨ ਆਪਣੇ ਆਤਮਕ ਸਰੂਪ ਦੀ ਲਖਤਾ ਤੋਂ ਘੁਥੇ ਹੋਏ ਹਨ, ਓਹ ਅਗਿਆਨ-ਅੰਧੇਰ ਵਿਚ ਕੇਵਲ ਅੰਧੇਰੇ ਨੂੰ ਹੀ ਜੱਫਾ ਪਾਈ ਬੈਠੇ ਹਨ। ਉਥੇ ਤਿਮਰ ਅਗਿਆਨ ਹੀ ਛਾ ਰਿਹਾ ਹੈ। ਓਥੇ :- ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥ (ਪੰਨਾ ੧੩੮੦)
ਦੇ ਗੁਰਵਾਕ ਵਾਲਾ ਵਰਤਾਰਾ ਹੀ ਵਰਤ ਰਿਹਾ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਟ੍ਰੈਕਟ "ਗਿਆਨ-ਚਾਨਣਾ" ਵਿਚੋਂ



www.AKJ.Org

# ਤੇਰੇ ਭਾਣੇ ਸਰਬੱਤ ਕਾ ਭਲਾ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

'ਤੇਰੇ ਭਾਣੇ ਸਰਬੱਤ ਕਾ ਭਲਾ' ਅਰਦਾਸ ਦੀ ਮੁੰਦਾਵਣੀ ਤੁਕ ਹੈ, ਜਿਸ ਵਿਚ ਇਕ ਪਾਸੇ ਜਗਤ-ਹਿਤੈਸ਼ੀ ਭਾਵਨਾ ਠਾਠਾਂ ਮਾਰਦੀ ਹੈ ਤਾਂ ਦੂਜੇ ਪਾਸੇ ਭਾਣੇ ਅੱਗੇ ਆਤਮ-ਸਮਰਪਨ। ਇਹਨਾਂ ਦੋਹਾਂ ਗੱਲਾਂ ਦਾ ਆਪਸ ਵਿਚ ਇਕ ਅਨੂਠਾ ਰਹੱਸਮਈ ਸੰਬੰਧ ਹੈ। ਜਦ ਭਾਣੇ ਅੱਗੇ ਆਤਮ-ਸਮਰਪਨ ਕਰ ਦੇਈਏ, ਤਾਂ ਸਰਬੱਤ ਕਾ ਭਲਾ ਸਹਿਵਨ ਹੀ ਮੰਗਿਆ ਜਾਂਦਾ ਹੈ, ਕਿਉਂਕਿ ਭਾਣੇ ਵਿਚ ਹੀ ਸਰਬੱਤ ਦਾ ਭਲਾ ਹੈ। ਇਹੋ ਕਾਰਨ ਹੈ ਕਿ ਸਿਖਰ ਤੇ ਪਹੁੰਚ ਕੇ ਅਰਦਾਸ ਦੀ ਭਾਵਨਾ ਭਾਣੇ ਦੀ ਭਾਵਨਾ ਵਿਚ ਸਮਿੱਜ ਜਾਂਦੀ ਹੈ। ਓਦੋਂ ਇਹ ਪ੍ਰਤੀਤ ਜਾਗਦੀ ਹੈ ਕਿ

ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥ –ਗਉੜੀ ਵਾਰ ਮ: ੫ (ਪੰਨਾ ੩੧੮)

ਇਸ ਭਾਣੇ ਅੰਦਰ ਕਰਤਾਰ ਦਾ ਆਪਣੀ ਸਿਰਜਨਾ ਪ੍ਰਤੀ ਅਥਾਹ ਪਿਆਰ ਲਹਿਰਦਾ ਹੈ, ਜੋ ਜੁਗਾਂ-ਜੁਗਾਂਤਰਾਂ ਤੋਂ ਵਰਤਦਾ ਆ ਰਿਹਾ ਹੈ। ਇਹ ਉਸ ਦੀ ਅਮਰ ਰਜ਼ਾ ਹੀ ਹੈ, ਜਿਸ ਵਿਚ ਸਗਲੇ ਜੀਅ-ਜੰਤ ਦਾ ਕਲਿਆਣ ਹੈ, ਸਰਬੱਤ ਦਾ ਭਲਾ ਹੈ–

ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ॥
ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ ॥ –ਆਸਾ ਮ: ੫, (ਪੰਨਾ ੪੩੨)

ਇਸੇ ਭਾਣੇ ਨੂੰ ਅੰਤਰ-ਆਤਮੇ ਵਸਾਉਣਾ ਹੀ ਸਿਖ ਧਰਮ ਦੀ ਪੂਜਾ ਹੈ–

ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥ –ਰਾਮਕਲੀ ਮ: ੩ (ਪੰਨਾ ੯੧੦)

ਜਦੋਂ ਭਾਣੇ ਦਾ ਰਸ ਆਉਣ ਲਗਦਾ ਹੈ ਤਾਂ ਦੂਈ, ਦ੍ਵੈਤ, ਭਰਮ ਸੰਸੇ ਨਿਵਿਰਤ ਹੋ ਜਾਂਦੇ ਹਨ ਤੇ ਫਿਰ ਸਤਿਗੁਰੂ ਸਭਸ ਨਾਲ ਮਿਲਾ ਲੈਂਦਾ ਹੈ–

ਜਿਨਾ ਭਾਣੇ ਕਾ ਰਸੁ ਆਇਆ ॥ ਤਿਨਾ ਵਿਚਹੁ ਭਰਮੁ ਚੁਕਾਇਆ ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥ –ਸਿਰੀਰਾਗੁ ਮ: (ਪੰਨਾ ੭੨)

ਇਉਂ 'ਏਕੁ ਪਿਤਾ ਏਕਸ ਕੇ ਹਮ ਬਾਰਿਕ' (੬੧੧) ਹੋਣ ਦਾ ਵਿਸ਼ਵਾਸ ਪ੍ਰਪੱਕ ਹੁੰਦਾ ਹੈ।

ਇਹ ਭਾਣਾ ਕੀ ਹੈ ? 'ਭਾਣਾ' ਉਹ ਹੈ ਜੋ ਵਾਹਿਗੁਰੂ ਨੂੰ ਭਾਉਂਦਾ ਹੈ, ਜੋ ਉਸ ਦੀ ਰਜ਼ਾ ਹੈ, ਜੋ ਉਸ ਦਾ ਹੁਕਮ ਹੈ। ਭਾਣਾ, ਹੁਕਮ ਤੇ ਰਜ਼ਾ ਇਕੋ ਪਰਮਾਰਥਕ ਸੱਤ ਦੇ ਤਿੰਨ ਪੱਖ ਹਨ। ਭਾਣਾ ਪ੍ਰਭੂ ਦੀ ਮੌਜ, ਉਸ ਦੀ ਪ੍ਰਸੰਨਤਾ ਹੈ। ਜਦੋਂ ਇਹ ਜਾਗੇ ਤਾਂ ਹੁਕਮ ਉਪਜਦਾ ਹੈ। ਹੁਕਮ ਭਾਣੇ ਦੀ ਮੁਜੱਸਮ ਸੂਰਤ ਹੈ। ਇਹੋ ਸ਼ਬਦ ਹੈ, ਇਹੋ ਨਾਮ–

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥ –ਸਿਰੀਰਾਗੁ ਮ: ੪ (੭੨-੨)

ਰਜ਼ਾ ਦੇ ਦੋ ਅਰਥ ਹੈ। ਇਕ ਪਾਸੇ ਇਸ ਦਾ ਅਰਥ ਹੈ ਮਰਜ਼ੀ (ਮਾਲਕ ਦੀ), ਤੇ ਦੂਜੇ ਪਾਸੇ (ਉਸ ਦੀ) ਖ਼ੁਸ਼ਨੂਦੀ, ਪ੍ਰਸੰਨਤਾ। ਸੋ ਆਗਿਆ ਪਾਲਨ ਦੁਆਰਾ ਮਾਲਕ ਦੀ ਪ੍ਰਸੰਨਤਾ ਪ੍ਰਾਪਤ ਕਰਨੀ ਹੀ ਰਜ਼ਾ ਹੈ। ਇਸੇ ਨੂੰ ਸੂਫ਼ੀ ਫ਼ਕੀਰ 'ਰਾਜ਼ੀ-ਬ-ਰਜ਼ਾ' ਆਖਦੇ ਹਨ। ਏਹੋ ਭਾਣਾ ਮੰਨਣਾ ਹੈ। ਭਾਣਾ ਮੰਨਣ ਦੀ ਅਵਸਥਾ ਹੀ ਹੁਕਮ ਪਛਾਨਣ ਦੀ ਅਵਸਥਾ ਹੈ। ਇਸੇ ਵਿਚ ਹੀ ਇਹ ਪ੍ਰਤੀਤ ਜਾਗਦੀ ਹੈ ਕਿ :

ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥ –ਬਸੰਤੁ ਮ: ੧ (੧੧੮੮-੫)

ਹੁਕਮ ਮਾਲਕ ਦੀ ਆਗਿਆ ਹੈ, ਸਾਰਾ ਕੁਝ ਜਿਸ ਦੇ ਕਾਰਨ ਵਰਤ ਰਿਹਾ ਹੈ–

ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥ –ਆਸਾ ਮ: ੩ (੪੨੫-੭)

ਇਹ ਉਸਦਾ ਸਰਬ-ਵਿਆਪੀ ਸੂਤਰ ਹੈ, ਸਾਰਾ ਬ੍ਰਹਮੰਡ ਜਿਸ ਦੇ ਜ਼ਬਤ ਵਿਚ ਹੈ–

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ –ਗਉੜੀ ਮ: ੫ (੨੬੮-੩)



www.AKJ.Org

ਉਸ ਦਾ ਹੁਕਮ ਤੇ ਉਸ ਦਾ ਭਾਣਾ ਇਕ ਰੂਪ ਹਨ। ਇਹਨਾਂ ਨਾਲ ਜੁੜਿਆ ਮਨੁੱਖ ਸਦੀਵੀ ਸੁਖ ਵਿਚ ਵਿਚਰਦਾ ਹੈ–

ਭਾਣਾ ਮੰਨੇ ਸੋ ਸੁਖੁ ਪਾਏ, ਭਾਣੇ ਵਿਚ ਸੁਖੁ ਪਾਇਦਾ ॥ –ਮਾਰੂ ਮ: ੩ (੧੦੬੩-੧੮)

ਭਾਣਾ ਜਾਂ ਹੁਕਮ ਪਾਰਬ੍ਰਹਮ ਦੀ ਚੇਤਨ ਸੱਤਾ ਦਾ ਉਹ ਰੰਗ ਹੈ, ਜਿਸ ਤੋਂ ਜਗਤ ਦੀ ਉਤਪਤੀ ਹੋਂਦੀ ਹੈ, ਪ੍ਰਤਿਪਾਲਨਾ, ਸੰਭਾਲ ਤੇ ਨਿਗਰਾਨੀ ਹੁੰਦੀ ਹੈ–

ਹੁਕਮੁ ਸਾਜਿ ਹੁਕਮੈ ਵਿਚ ਰਖੈ...॥ –ਆਸ਼ਾ ਵਾਰ, ਮ: ੧ (੧੪੫-੬)

ਸਭ ਦੀ ਪ੍ਰਤਿਪਾਲਨਾ, ਸਭ ਦੀ ਸੰਭਾਲ ਤੇ ਸਭ ਦੀ ਨਿਗਰਾਨੀ, ਨਿਗਾਹਬਾਨੀ ! ਏਹੋ ਭਾਣੇ ਵਿਚ ਨਿਹਿਤ ਸਰਬੱਤ ਕਾ ਭਲਾ ਹੈ। ਜੋ ਮਾਲਕ ਅਸਾਂ ਸਭਨਾਂ ਦਾ ਮਾਪਿਓ ਹੈ ਤੇ ਸਭ ਜੀਆਂ ਦੀ ਪ੍ਰਤਿਪਾਲਨਾ ਜਿਸ ਦਾ ਬਿਰਦ ਹੈ, ਜੇ ਉਸ ਦੇ ਭਾਣੇ ਵਿਚ ਸਰਬੱਤ ਦਾ ਭਲਾ ਨਹੀਂ ਤਾਂ ਹੋਰ ਕਾਹਦੇ ਵਿਚ ਹੋ ਸਕਦਾ ਹੈ ?

ਇਸ ਭਾਣੇ ਅੱਗੇ ਸਰੇ ਤਸਲੀਮ ਖ਼ਮ ਕਰਨਾ, ਆਪਣੇ ਆਪ ਨੂੰ ਵਾਹਿਗੁਰੂ ਜੀ ਦੀ ਪ੍ਰਸੰਨਤਾ ਦੇ ਲੜ ਲਾਉਣਾ ਹੈ; ਉਸ ਦੀ ਰਜ਼ਾ ਨੂੰ ਆਪਣਾ ਪਥ-ਪ੍ਰਦਰਸ਼ਕ ਸ੍ਵੀਕਾਰ ਕਰਨਾ ਹੈ :

ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥ –ਸਲੋਕ ਫ਼ਰੀਦ ਜੀ (੧੩੮੨-੭)

ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਨੂੰ ਰਜ਼ਾ ਵਾਲੇ ਦੀ ਪ੍ਰਸੰਨਤਾ ਮੁੱਖ ਹੁੰਦੀ ਹੈ, ਆਪਣੀ ਨਹੀਂ। ਅਰਦਾਸ ਦਾ ਸਿਖਰ ਏਹੋ ਹੈ ਕਿ ਆਪਣੇ ਆਪੇ ਦਾ ਅਭਾਵ ਹੋ ਜਾਵੇ, ਹਉਮੈ ਨਿਬੜ ਜਾਵੇ ਤੇ ਅਰਦਾਸ ਵਿਚ ਜੁੜਿਆ ਮਨ ਮਾਲਕ ਦੀ ਰਜ਼ਾ ਵਿਚ ਆਪ ਰਜ਼ਾ ਰੂਪ ਹੋ ਜਾਵੇ। ਕੋਈ ਬੈਰੀ-ਬਿਗਾਨਾ ਉਸ ਦਾ ਰਹੇ ਨਾ–

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ –ਕਾਨੜਾ ਮ: ੫ (੧੨੯੯-੧੪)

ਸਾਰਾ ਬ੍ਰਹਿਮੰਡ ਉਸ ਨੂੰ ਆਪਣੇ ਟੱਬਰ ਦੇ ਜੀਆਂ ਨਾਲ ਆਬਾਦ ਦਿੱਸੇ। ਸਮੱਸਤ ਜੀਆਂ ਦੇ ਕਲਿਆਣ ਦੀ ਲਾਲਸਾ ਉਸ ਦੇ ਅੰਦਰੋਂ ਬੇਵੱਸ ਹੋ ਕੇ ਉੱਠੇ ਤੇ ਕੂਕੇ :

ਸਭੇ ਜੀਅ ਸਮਾਲਿ ਆਪਣੀ ਮਿਹਰ ਕਰੁ ॥ ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥

–ਸਾਰਗ ਵਾਰ ੪, ਸਲੋਕ ਮ: ੫ (੧੨੫੧-੮)

ਜਦੋਂ ਇਕ-ਚਿੱਤ ਹੋਏ ਮਨ 'ਚੋਂ ਐਸੀ ਅਰਦਾਸ ਨਿਕਲਦੀ ਹੈ ਤਾਂ–

ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥ –ਸਾਰਗ ਵਾਰ ੪, ਸਲੋਕ ਮ: ੫ (੧੨੫੧-੯)

ਸਿਖਰ ਦੀ ਅਰਦਾਸ ਤਾਂ ਓਹੀ ਹੈ ਜੋ ਸਾਰੇ ਜਗਤ-ਜਲੰਦੇ ਵਿਚ ਠੰਢ ਵਰਤਾਉਣ ਲਈ ਕੀਤੀ ਗਈ ਹੋਵੇ–

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥

–ਬਿਲਾਵਲ ਵਾਰ ੪, ਸਲੋਕ ਮ: ੩ (੮੫੩-੧੦)

ਸਾਰੇ ਜਗਤ ਲਈ, ਬਿਨਾ ਕਿਸੇ ਵਿਤਕਰੇ, ਬਿਨਾ ਕਿਸੇ ਵਖਵਾਦ ਦੇ। ਭਾਣੇ **ਨਾਲ ਇਕਮਿਕ ਹੋਇਆ ਮਨ ਵਖਵਾਦੀ ਕਿਵੇਂ ਹੋ ਸਕਦਾ** ਹੈ ?

ਸੱਚ ਜਾਣਿਓ, ਭਾਣੇ ਨਾਲ ਇਕਸੁਰ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਤਤਕਾਲ ਪਰਵਾਨ ਹੁੰਦੀ ਹੈ। ਤ੍ਰੁੱਠੇ ਮਾਲਕ ਦੀ ਮਿਹਰਾਮਤ ਬਰਸਦੀ ਪ੍ਰਤੱਖ ਦਿਸਦੀ ਹੈ। ਸਾਹਮਣੇ ਦਿਸਦਾ ਹੈ ਕਿ–

ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ ॥ ਰਿਜਕੁ ਉਪਾਇਓਨੁ ਅਗਲਾ ਠਾਂਢਿ ਪਈ ਸੰਸਾਰਿ ॥
ਤਨੁ ਮਨੁ ਹਰਿਆ ਹੋਇਆ ਸਿਮਰਤ ਅਗਮ ਅਪਾਰ ॥ ਕੀਤਾ ਲੋੜਹਿ ਸੋ ਕਰਹਿ ਨਾਨਕ ਸਦ ਬਲਿਹਾਰ ॥

– ਵਾਰ ਸਾਰਗ ੪, ਮ: ੫ (੧੨੫੧/੧੦)

ਅਰਦਾਸ ਦੀ ਇਸ ਸਿਖਰ ਤੇ ਜੁੜਿਆ ਮਨ ਜਦੋਂ ਆਪਣੀ ਅਰਦਾਸ ਨੂੰ ਉਚਾਰੇ ਜਾਣ ਤੋਂ ਵੀ ਪਹਿਲਾਂ ਪਰਵਾਨ ਹੋਇਆ ਵੇਖਦਾ ਹੈ ਤਾਂ ਸ਼ੁਕਰਾਨੇ ਦਾ ਹੜ੍ਹ ਉਸ ਦੇ ਅੰਦਰੋਂ ਉਮਲ੍ਹਦਾ ਹੈ। ਉਹ ਬਲਿਹਾਰ ਕਿਵੇਂ ਨ ਹੋਵੇ ? ਮਾਲਕ ਤੋਂ ਸਦਕੇ ਕਿਵੇਂ ਨ ਜਾਵੇ ?

ਸ਼ੁਕਰਾਨੇ ਦੀ ਐਸੀ ਤੀਬਰ ਭਾਵਨਾ ਨਾਲ ਸਰਸ਼ਾਰ ਹੋ ਕੇ ਸਤਿਗੁਰੂ ਅੱਗੇ ਮੱਥਾ ਟੇਕਣਾ, ਅਸਲੋਂ ■



www.AKJ.Org

# ਸ਼ਹੀਦੀ ਸਾਕਾ ਨਨਕਾਣਾ ਸਾਹਿਬ—ਅੱਖੀਂ ਡਿਠੇ ਸਮਾਚਾਰ

[ਵਲੋਂ ਭਾਈ ਮੋਹਨ ਸਿੰਘ ਜੀ ਵੈਦ, ਤਰਨ ਤਾਰਨ]

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ੨੦-੨੧ ਫ਼ਰਵਰੀ ੧੯੨੧ ਨੂੰ ਵਾਪਰਿਆ ਸੀ। ਇਸ ਖ਼ੂਨੀ ਸਾਕੇ ਦੇ ਅੱਖੀਂ ਡਿਠੇ ਪਰਖੇ ਸਮਾਚਾਰ ਭਾਈ ਮੋਹਨ ਸਿੰਘ ਜੀ ਵੈਦ ਨੇ ਇਕ ਟ੍ਰੈਕਟ "ਅਕਾਲੀ ਲਹਿਰ ਦੇ ਪਹਿਲੇ ਸ਼ਹੀਦੀ ਸਾਕੇ" ਵਿਚ ਕਲਮਬੰਦ ਕੀਤੇ ਹਨ। ਉਸ ਵਿਚੋਂ ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ ਅਸੀਂ ਦੋ-ਕਿਸ਼ਤਾਂ ਵਿਚ ਗੁਰਸਿਖ ਪ੍ਰੇਮੀਆਂ ਦੇ ਭੇਟ ਕਰ ਰਹੇ ਹਾਂ। —ਸੰਪਾਦਕ

ਸ੍ਰੀ ਨਨਕਾਣਾ ਸਾਹਿਬ ਜੀ ਦੀ ਯਾਤ੍ਰਾ ਪੂਜਾ ਭੇਟਾ ਹਰ ਸਾਲ ਲੱਖਾਂ ਗੁਰਸਿੱਖ ਕਰਦੇ ਹਨ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤੋਂ ਬਹੁਤ ਸਾਰੀ ਜਗੀਰ ਆਦਿ ਭੀ ਨਾਲ ਹੈ। ਸਮੇਂ ਦਾ ਪ੍ਰਭਾਵ! ਅਜਿਹੇ ਮਹਾਂ ਪੁਰਸ਼ਾਂ ਦੇ ਉੱਘ ਅਸਥਾਨਾਂ ਵਿੱਚ—ਜਿੱਥੋਂ ਸੰਗਤਾਂ ਨੂੰ ਸਦਾ ਆਤਮਕ ਜੀਵਨ ਦੀ ਦਾਤ ਤੇ ਸੱਚੇ ਸੁਖ ਪ੍ਰਾਪਤ ਹੁੰਦੇ ਸਨ ਤੇ ਮਾਇਕ ਧੰਧਿਆਂ ਨਾਲ ਸੜੇ ਬਲੇ ਪ੍ਰਾਣੀ ਸ਼ਾਂਤੀ ਪ੍ਰਾਪਤ ਕਰਦੇ ਸਨ—ਭਲੇ ਲੋਕਾਂ ਦੀ ਥਾਂ ਅਜਿਹੇ ਨੀਚ ਪੁਰਸ਼ ਆ ਬੈਠੇ, ਜਿਨ੍ਹਾਂ ਨੇ:—

ਪਵਿੱਤ੍ਰਤਾ ਦੀ ਥਾਂ ਵਿਭਚਾਰ, ਕੀਰਤਨ ਦੀ ਥਾਂ ਵੇਸ਼ਵਾਵਾਂ ਦੇ ਨਾਚ, ਸਚਾਈ ਦੀ ਥਾਂ ਕੂੜ ਕਪਟ, ਧਰਮ ਦੀ ਥਾਂ ਘੋਰ ਅਧਰਮ, ਨੇਕੀ ਦੀ ਥਾਂ ਸ਼ਰਮਨਾਕ ਬਦੀਆਂ; ਆਤਮਕ ਅਨੰਦ ਦੀ ਥਾਂ ਸ਼ਰਾਬ ਦਾ ਦੌਰ, ਸਰੇਸ਼ਟ ਪੁਰਸ਼ਾਂ ਦੇ ਸਨਮਾਨ ਦੀ ਥਾਂ ਲੁੱਚੇ ਗੁੰਡਿਆਂ ਦਾ ਸਤਕਾਰ, ਕੌਮੀ ਲਾਭ ਦੀ ਥਾਂ ਨੀਚ ਸਵਾਰਥ, ਗਰੀਬੀ ਦੀ ਥਾਂ ਜੋਰਾਵਰੀ, ਸਿਦਕ ਦੀ ਥਾਂ ਸਤੀਆਂ ਦੇ ਸਤ ਭੰਗ, ਸਬਰ ਦੀ ਥਾਂ ਹੰਕਾਰ, ਸ਼ਰਾਫਤ ਦੀ ਥਾਂ ਬਦਚਲਨੀ, ਗੁਰਬਾਣੀ ਦੀ ਥਾਂ ਮੰਦੇ ਬਕਵਾਸ, ਪਰਾਈਆਂ ਨੂੰਹਾਂ ਮਾਵਾਂ ਧੀਆਂ ਭੈਣਾਂ ਜਾਨਣ ਦੀ ਥਾਂ ਮੰਦ ਵਰਤਾਉ, ਗੁਰਸਿੱਖੀ ਦੇ ਪ੍ਰਚਾਰ ਦੀ ਥਾਂ ਗੁਰਸਿੱਖਾਂ ਨਾਲ ਭਾਰਾ ਵਿਰੋਧ, ਅਰੰਭ ਦਿੱਤਾ।

ਅਜੇਹੇ ਘੋਰ ਉਪੱਦਰਵ ਵੇਖ ਕੇ ਗੁਰਸਿੱਖ ਚਿਰਾਂ ਤੋਂ ਦੁਖੀ ਹੋ ਰਹੇ ਸਨ। ੩੫ ਵਰ੍ਹਿਆਂ ਤੋਂ ਖਾਲਸਾ ਦੀਵਾਨਾਂ ਦੇ ਸੇਵਕ, ਅਖਬਾਰਾਂ ਵਾਲੇ, ਚੀਫ ਖਾਲਸਾ ਦੀਵਾਨ ਦੇ ਸੇਵਕ ਆਦਿ ਪੰਥ-ਦਰਦੀਆਂ ਵੱਲੋਂ ਯਤਨ ਹੁੰਦੇ ਰਹੇ, ਪਰ ਨਾ ਕੁਝ ਇਸ ਪਾਸੇ ਸਰਕਾਰੀ ਅਫ਼ਸਰਾਂ ਨੇ ਖ਼ਾਸ ਧਿਆਨ ਦਿੱਤਾ ਤੇ ਨਾ ਹੀ ਗੁਰਦਵਾਰਿਆਂ ਦੇ ਪੁਜਾਰੀਆਂ ਗ੍ਰੰਥੀਆਂ ਮਹੰਤਾਂ ਨੇ ਕੁਝ ਮੁਹਾਰਾਂ ਮੋੜੀਆਂ; ਸਗੋਂ ਇਨ੍ਹਾਂ ਦੇ ਕੁਕਰਮ ਵਧਦੇ ਹੀ ਵਧਦੇ ਗਏ। ਇਹ ਉਪੱਦ੍ਰਵ ਵੇਖ ਸੁਣ ਕੇ ਸੰਟ੍ਰਲ ਖਾਲਸਾ ਮਾਝਾ ਦੀਵਾਨ ਤੇ ਮਿਲੌਨੀ ਜੱਥੇ ਦੇ ਸੇਵਕਾਂ ਨੇ ਚਾਰ ਸਾਲ ਤੋਂ ਲਗਾਤਾਰ ਗੁਰਦਵਾਰਿਆਂ ਦੇ ਸੁਧਾਰ ਦੇ ਵਿਚਾਰ ਨਾਲ ਗੁਰਦਵਾਰਿਆ ਦੀ ਯਾਤ੍ਰਾ ਦੇਖ ਭਾਲ ਅਰੰਭ ਕੀਤੀ ਤੇ ਅੰਤ ਗੁਰਮਤਾ ਕੀਤਾ ਕਿ—

"ਸੱਚੇ ਪਾਤਸ਼ਾਹ ਕਲਗੀਧਰ ਪਿਤਾ ਜੀ! ਨਾਮ ਮਾਤ੍ਰ ਤਾਂ ਗੁਰਸਿੱਖਾਂ ਦੇ ਸੀਸ ਸਦਾ ਹੀ ਆਪ ਦੀ ਭੇਟ ਹਨ, ਪਰ ਪੂਜਾ-ਅਹਾਰੀਆਂ ਦੀ ਦੁਰਦਸ਼ਾ ਦੇ ਕਾਰਨ ਅਸੀਂ ਭੀ ਘੋਰ ਨੀਵੇਂ ਪਾਸੇ ਪਹੁੰਚ ਗਏ ਹਾਂ, ਅਤੇ ਹੁਣ

---

ਸਦਕੇ ਜਾਣ, ਬਲਿਹਾਰ ਹੋਣ ਦਾ ਸੰਕੇਤ ਹੈ।

ਅਸਾਂ, ਅਰਦਾਸ ਕਰਨ ਵਾਲਿਆਂ, ਲਈ ਹਰ ਵਾਰ ਇਸੇ ਭਾਵਨਾ ਨਾਲ ਮੱਥਾ ਟੇਕਣਾ ਬਣ ਆਉਂਦਾ ਹੈ। ਸਾਡੇ ਸਿਜਦਿਆਂ ਵਿਚ ਸਿਦਕ ਤੇ ਮਨ ਵਿਚ ਸਾਡਾ ਮਕਸੂਦ ਵਾਹਿਗੁਰੂ ਹੋਵੇ—

ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥ —ਸਿਰੀਰਾਗ ਵਾਰ ੪, ਸਲੋਕ ਮ: ੧ (੮੪-੨)

ਤੇ ਆਤਮਾ ਉਸ ਦੀ ਰਜ਼ਾ ਨਾਲ ਰਜ਼ਾ ਹੋ ਗਈ ਹੋਵੇ। ਫਿਰ ਜਦ ਅਸੀਂ ਮੱਥਾ ਟੇਕ ਕੇ ਉਠੀਏ ਤਾਂ ਵੇਖੀਏ :

ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥ —ਸਿਰੀਰਾਗ ਵਾਰ ੪, ਸਲੋਕ ਮ: ੧ (੮੪-੨)

ਏਹੋ ਅਰਦਾਸ ਦਾ ਸਿਖਰ ਹੈ। ਏਹੋ ਅਰਦਾਸ ਦੀ ਮੁੰਦਾਉਣੀ ਹੈ।



www.AKJ.Org

ਅਸੀਂ ਤੇਰੇ ਕੁਝ ਸੇਵਕ ਅਕਾਲੀ ਦਲ ਦੀ ਸਾਜਨਾ ਕਰ ਕੇ ਸੱਚ ਮੁੱਚ ਹੀ ਸੀਸ ਭੇਟ ਕਰਨ ਦੇ ਪ੍ਰਣ ਕਰਦੇ ਹਾਂ, ਓਟ ਆਸਰਾ ਤੇਰਾ ਹੈ। ਗੁਰਦਵਾਰਿਆਂ ਵਿੱਚ ਏਸ ਤੋਂ ਵੱਧ ਉਪੱਦ੍ਰਵ ਹੋਰ ਅਸੀਂ ਨਹੀਂ ਵੇਖ ਸਕਦੇ। ਏਸ ਜੀਵਨ ਨਾਲੋਂ ਮਰ ਮਿਟਣਾ ਚੰਗਾ ਹੈ ! ਪਰ ਅਸਾਂ ਕਿਸੇ ਤੇ :–

ਜ਼ੁਲਮ ਕਰਨਾ ਨਹੀਂ, ਜ਼ੁਲਮ ਸਹਿਣਾ ਹੈ। ਬੁਰਾ ਕਹਿਣਾ ਨਹੀਂ, ਬੁਰਾ ਸਹਿਣਾ ਹੈ। ਦੁੱਖ ਦੇਣਾ ਨਹੀਂ, ਦੁੱਖ ਜਰਨਾ ਹੈ। ਮਾਰਨਾ ਨਹੀਂ, ਆਪ ਮਰਨਾ ਹੈ। ਕਹਿਣਾ ਨਹੀਂ, ਕਰਕੇ ਦੱਸਣਾ ਹੈ। ਪਰ ਅਸੂਲਾਂ ਦਾ ਘਾਤ ਨਹੀਂ ਹੋਣ ਦੇਣਾ। ਕੌਮੀ ਆਣ ਨੂੰ ਵੱਟਾ ਨਹੀਂ ਲੱਗਣ ਦੇਣਾ। ਗੁਰਦਵਾਰਿਆਂ ਨੂੰ ਜ਼ਰੂਰ ਹੀ ਸੁਧਾਰ ਦੇ ਸੋਮੇ ਬਣਾਣਾ ਹੈ, ਤੇ ਜ਼ਰੂਰ ਬਣਾਣਾ ਹੈ। ਇਕ ਅਕਾਲ ਪੁਰਖ ਦੇ ਬਿਨਾਂ ਕਿਸੇ ਦੀ ਓਟ ਨਹੀਂ ਰੱਖਣੀ। ਸੋ ਸੇਵਕਾਂ ਦੇ ਏਸ ਪ੍ਰਣ ਵਿੱਚ ਸਤਿਗੁਰੂ ਜੀ ! ਆਖ ਸਹਾਈ ਹੋਣਾ ਤੇ :–

ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥......'' (੬੨੬)

ਬੱਸ ਸੱਚੇ ਦਿਲੋਂ ਇਹ ਬੇਨਤੀ ਕਰ ਕੇ ਕਾਰਜ ਅਰੰਭ ਦਿੱਤਾ ਤੇ ਥਾਂ ਪਰ ਥਾਂ ਗੁਰਸਿੱਖ ਯਥਾ-ਵਿਤ ਅਕਾਲੀ ਦਲ ਦੀ ਸੇਵਾ ਵਾਸਤੇ ਤਿਆਰ-ਬਰ-ਤਿਆਰ ਹੋ ਗਏ, ਤੇ ਪਹਿਲੋਂ ਸ੍ਰੀ ਅੰਮ੍ਰਿਤਸਰ ਜੀ ਅਕਾਲ ਤਖ਼ਤ ਦੀ ਸੇਵਾ ਸੰਭਾਲਣ ਵਾਸਤੇ ਸਤਿਗੁਰੂ ਜੀ ਨੇ ਸੁਭਾਵਕ ਹੀ ਮੇਲ ਮੇਲ ਦਿੱਤਾ। ਜਿਨ੍ਹਾਂ ਦਾ ਉੱਥੇ ਬੈਠਣਾ ਸਤਿਗੁਰੂ ਜੀ ਨੂੰ ਨਹੀਂ ਸੀ ਭਾਉਂਦਾ ਉਨ੍ਹਾਂ ਨੂੰ ਆਪ ਹੀ ਭੈ ਦੇ ਕੇ ਉੱਥੋਂ ਨਠਾ ਦਿੱਤਾ ਤੇ ਉਨ੍ਹਾਂ ਦੀ ਥਾਂ ਜਿਨ੍ਹਾਂ ਸੇਵਕਾਂ ਦਾ ਉਥੇ ਬੈਠਣਾ ਭਾਉਂਦਾ ਸੀ, ਉਨ੍ਹਾਂ ਨੂੰ ਨਿਰਭੈ ਕਰ ਕੇ ਉੱਥੇ ਬਿਠਾ ਦਿੱਤਾ। ਇਹ ਕੁਝ ਵੇਖ ਕੇ ਸਰਕਾਰ ਤੇ ਕੌਮ ਦੋਹਾਂ ਨੂੰ ਸੁਚੇਤ ਹੋਣਾ ਪਿਆ। ਤੇ ਸਰਕਾਰ ਅਰ ਖ਼ਾਲਸਾ ਪੰਥ ਦੀ ਯੋਗ ਵਿਚਾਰ ਨਾਲ ''ਸ਼ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ'' ਬਣੀ, ਜਿਸ ਦੀ ਸੰਭਾਲ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਹੋਰ ਗੁਰਦਆਰੇ, ਸਿਆਲਕੋਟ, ਪੰਜਾ ਸਾਹਿਬ, ਪਿਸ਼ਾਵਰ, ਲਾਹੌਰ ਤੇ ਸ੍ਰੀ ਤਰਨ ਤਾਰਨ ਸਾਹਿਬ ਜੀ ਦੇ ਗੁਰਦਆਰੇ ਆ ਗਏ। ਉਪਰੰਤ ੨੩ ਜਨਵਰੀ ਤੇ ੬ ਫ਼ਰਵਰੀ ਸੰਨ ੧੯੨੧ ਦੇ ਸਮਾਗਮਾਂ ਵਿੱਚ ਗੁਰਮਤੇ ਪਾਸ ਕਰ, ਖੁੱਲ੍ਹਾ ਚਿੱਠਾ ਪ੍ਰਕਾਸ਼ਤ ਕਰ ਕੇ ਸਰਕਾਰ, ਰਾਜਿਆਂ ਮਹਾਰਾਜਿਆਂ ਤੇ ਸਾਰੀ ਪਰਜਾ ਨੂੰ ਪਤਾ ਦਿੱਤਾ ਗਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਸੰਭਾਲ ਵਾਸਤੇ ੨੨-੨੩-੨੪ ਫੱਗਣ, ਤੇ ੪-੫-੬ ਮਾਰਚ ਨੂੰ ਇਕ ਭਾਰੀ ਦੀਵਾਨ ਸ੍ਰੀ ਨਨਕਾਣੇ ਸਾਹਿਬ ਕੀਤਾ ਜਾਵੇਗਾ।

ਇਸ ਖੁੱਲ੍ਹੇ ਚਿੱਠੇ ਵਿੱਚ ਸਪੱਸ਼ਟ ਤੌਰ ਤੇ ਨਨਕਾਣੇ ਸਾਹਿਬ ਦੇ ਮਹੰਤ ਦਾ ਆਚਰਣ ਤੇ ਓਥੇ ਹੋ ਰਹੀਆਂ ਭੈੜੀਆਂ ਗੱਲਾਂ ਦਾ ਵੇਰਵਾ ਤੇ ਹੋਰ ਮਾਮਲਾਤ ਦੱਸੇ ਗਏ। ਮਹੰਤ ਵੱਲੋਂ ਸ਼ਸਤ੍ਰਾਂ ਦੀ ਤਿਆਰੀ ਦਾ ਹਾਲ ਵੀ ਦਸਿਆ ਗਿਆ, ਤੇ ਪੰਥ ਵਲੋਂ ੪-੫-੬ ਮਾਰਚ ਦੀ ਤ੍ਰੀਕ ਨੂੰ ਓਥੇ ਇਕਤ੍ਰ ਹੋ ਕੇ ਨਵੇਂ ਪ੍ਰਬੰਧ ਨੂੰ ਕਰਨ ਦੀ ਸੂਚਨਾ ਵੀ ਦਿੱਤੀ ਗਈ ਸੀ। ਮਹੰਤ ਵਲੋਂ ਜੇ ਸਖ਼ਤੀ ਹੋਈ ਤਾਂ ਸਿੰਘਾਂ ਵਲੋਂ ਬਿਨਾਂ ਹੱਥ ਚਾਏ ਸੀਸ ਤੱਕ ਦੇਣ ਦੀ, ਆਪਾ ਸਦਕੇ ਕਰਨ ਦੀ ਤਿਆਰੀਆਂ ਭੀ ਸੂਚਤ ਸੀ।

ਇਸ ਦਾ ਭਾਵ ਇਹ ਸੀ ਕਿ ਉਸ ਤੋਂ ਪਹਿਲਾਂ ਪਹਿਲਾਂ ਮਹੰਤ ਜਾਂ ਰਾਜੇ ਮਹਾਰਾਜੇ ਜਾਂ ਸਰਕਾਰ ਕੋਈ ਸੁਧਾਰ-ਸਮਝੌਤਾ ਕਰ ਸਕੇ ਤਾਂ ਚੰਗਾ ਹੈ; ਨਾ ਹੋਵੇ ਤਾਂ ਫੇਰ ਆਪ ਪੰਥ ੫–੬ ਮਾਰਚ ਨੂੰ ਅਪੜ ਕੇ ਵਡੇ ਦੀਵਾਨ ਵਿੱਚ ਫ਼ੈਸਲਾ ਕਰੇ ਕਿ ਕੀ ਕਰਨਾ ਹੈ ?

ਇਸ ਮਾਮਲੇ ਸੰਬੰਧੀ ''ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੇ ਜੋ ਗੁਰਮਤੇ ਪਾਸ ਕੀਤੇ ਸਨ, ਓਹਨਾਂ ਦੀ ਨਕਲ ਇਸ ਪ੍ਰਕਾਰ ਹੈ :

(੧) (ੳ) ਪਾਸ ਹੋਇਆ ਕਿ ਇਕ ਖੁਲ੍ਹਾ ਚਿੱਠਾ ਮਹੰਤ ਦੀਆਂ ਕਰਤੂਤਾਂ ਦਸਦੇ ਹੋਏ ਗੌਰਮਿੰਟ ਪੰਜਾਬ, ਸਿੱਖ ਮਹਾਰਾਜਗਾਨ, ਪਬਲਿਕ ਤੇ ਮਹੰਤਾਂ ਪ੍ਰਤਿ ਪ੍ਰਗਟ ਕੀਤਾ ਜਾਵੇ ਤੇ ਜਤਾ ਦਿੱਤਾ ਜਾਵੇ ਕਿ ਜੇ ਮਹੰਤ ਸਵਾ ਮਹੀਨੇ ਦੇ ਅੰਦਰ ਗੁਰਦੁਆਰਾ ਸਾਹਿਬ ਦਾ ਪ੍ਰਬੰਧ, ਸ਼ਰੋਮਣੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼ਰੋਮਣੀ ਗੁਰਦੁਆਰਾ ਕਮੇਟੀ ਦੀ ਇੱਛਾ ਅਨੁਸਾਰ ਨਹੀਂ ਕਰ ਦੇਣਗੇ ਤਾਂ ਫੇਰ ਜੋ ਕੰਮ ਗੁਰਦੁਆਰਾ ਸਾਹਿਬ ਦੇ ਸੁਧਾਰ ਹਿਤ ਖ਼ਾਲਸਾ ਜੀ



www.AKJ.Org

ਨੂੰ ਮਜਬੂਰੀ ਕਰਨਾ ਪਵੇਗਾ, ਉਸਦੇ ਜ਼ਿੰਮੇਵਾਰ ਖ਼ੁਦ ਮਹੰਤ ਹੀ ਹੋਣਗੇ।

(ਅ) ਲਾਟ (ਗਵਰਨਰ) ਸਾਹਿਬ ਪੰਜਾਬ ਤੇ ਹੋਰ ਅਫ਼ਸਰਾਂ ਨੂੰ ਭੀ ਜਤਾ ਦਿਤਾ ਜਾਵੇ ਕਿ ਏਸ ਤ੍ਰੀਕ ਤੋਂ ਪਹਿਲਾਂ ਹੀ ਮਾਮਲੇ ਨੂੰ ਨਜਿੱਠ ਦੇਣ ਅਤੇ ਸਿਖ ਰਾਜਿਆਂ ਮਹਾਰਾਜਿਆਂ ਨੂੰ ਭੀ ਖ਼ਬਰ ਕਰ ਦਿੱਤੀ ਜਾਵੇ ਕਿ ਓਹ ਭੀ ਖ਼ਾਲਸੇ ਨਾਲ ਗੁਰਦੁਆਰਿਆਂ ਦਾ ਸੁਧਾਰ ਕਰਨ ਵਿੱਚ ਹਿੱਸਾ ਲੈਣ ਦਾ ਮੌਕਾ ਹੱਥੋਂ ਨਾ ਗਵਾਉਣ।

(੨) ਪਾਸ ਹੋਇਆ ਕਿ ੪-੫-੬ ਮਾਰਚ ੧੯੨੧ ਨੂੰ ਖ਼ਾਲਸਾ ਜੀ ਦਾ ਇਕ ਵੱਡਾ ਦੀਵਾਨ ਸ੍ਰੀ ਨਨਕਾਣੇ ਸਾਹਿਬ ਵਿਖੇ ਕੀਤਾ ਜਾਵੇ।

ਇਨ੍ਹਾਂ ਦੇ ਨਾਲ ਹੀ ਸੂਚਨਾ ਹਿਤ ਇਕ ਜ਼ਰੂਰੀ ਨੋਟ ਭੀ ਸੀ, ਜੋ ਇਹ ਸੀ:-

ਜ਼ਰੂਰੀ ਨੋਟ-ਉਪ੍ਰੋਕਤ ਨੀਯਤ ਤ੍ਰੀਕਾਂ ਅਰਥਾਤ ੪-੫-੬ ਮਾਰਚ ੧੯੨੧ ਸ਼ੁਕਰ, ਛਨਿਛਰ ਤੇ ਐਤਵਾਰ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਹਰ ਹਾਲਤ ਵਿਚ ਖਾਲਸਾ ਜੀ ਦਾ ਦੀਵਾਨ ਜ਼ਰੂਰ ਸਜੇਗਾ, ਏਸ ਲਈ ਗੁਰੂ ਕੀਆਂ ਸੰਗਤਾਂ ਆਪਣਾ ਧਰਮ ਸਮਝ ਕੇ ਹੁਮ-ਹੁਮਾ ਕੇ ਦੀਵਾਨ ਵਿਚ ਹਾਜ਼ਰ ਹੋ ਕੇ ਜਨਮ ਸੁਫਲਾ ਕਰਦੀਆਂ ਹੋਈਆਂ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

੧੦ ਫੱਗਣ ਐਤਵਾਰ ੨੦ ਫਰਵਰੀ ੧੯੨੧, ਫੱਗਣ ਸੁਦੀ ਤ੍ਰਿਔਦਸੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਪਾਤਸ਼ਾਹੀ ੭ ਦੇ ਕੀਰਤਪੁਰ ਸਾਹਿਬ ਅਵਤਾਰ ਧਾਰਨ ਦਾ ਦਿਨ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੱਦੀ ਦੇਵਣ ਵੇਲੇ ਛੇਵੇਂ ਸਤਿਗੁਰੂ ਜੀ ਵੱਲੋਂ ਇਹ ਦਾਤ ਭੀ ਦਿੱਤੀ ਗਈ ਸੀ-ਗੁਰੂ ਕੇ ਸਿੱਖ ਬੀਰ ਰਸ ਵਿੱਚ ਸ਼ਾਂਤੀ ਨਾਲ ਸ਼ਸਤਰ ਸਜਾਈ ਰੱਖਣ, ਪਰ ਅਜੇ ਵਰਤਣ ਦੀ ਆਗਿਆ ਨਹੀਂ ਹੈ। ਇਹ ਉਨ੍ਹਾਂ ਸਤਿਗੁਰਾਂ ਦਾ ਹੁਕਮ ਸੀ ਜਿਨ੍ਹਾਂ ਸਾਰੀ ਉਮਰ ਦੇਗ ਦੇ ਨਾਲ ਤੇਗ ਨੂੰ ਚੰਗੀ ਤਰ੍ਹਾਂ ਵਰਤਿਆ ਤੇ ਬੇਅੰਤ ਅਪ੍ਰਾਧੀਆਂ ਨੂੰ ਦੰਡ ਦਿਤੇ, ਪਰ ਸਮੇਂ ਅਨੁਸਾਰ ਉਪ੍ਰੋਕਤ ਆਗਿਆ ਦਿੱਤੀ ਤੇ ਓਸ ਆਗਿਆ ਦਾ ਪੂਰਾ ਪਾਲਨ ਕੀਤਾ ਗਿਆ। ਇਸੇ ਸੁਭਾਗ ਦਿਹਾੜੇ ਹੀ ਸਵੇਰੇ ੯ ਵਜੇ ਤੋਂ ਸ੍ਰੀ ਨਨਕਾਣੇ ਸਾਹਿਬ ਜੀ ਤੋਂ ਹੇਠ ਲਿਖੀਆਂ ਤਾਰਾਂ ਪਹੁੰਚੀਆਂ-

**ਪਹਿਲੀ ਤਾਰ**-ਜੋ ਭਾਈ ਲਾਭ ਸਿੰਘ ਜੀ ਨੇ ਭੇਜੀ ਸੀ, ੨੦-੨-੨੧ ਸਵੇਰੇ ੯ ਵਜੇ :-"ਮਹੰਤ ਨੇ ਗੁਰ-ਦੁਆਰਾ ਜਨਮ-ਅਸਥਾਨ ਵਿੱਚ ਬਹੁਤ ਸਾਰੇ ਸਿੱਖ ਕਤਲ ਕਰ ਦਿੱਤੇ ਹਨ ਤੇ ਉਨ੍ਹਾਂ ਨੂੰ ਮਿੱਟੀ ਦਾ ਤੇਲ ਪਾ ਪਾ ਕੇ ਸਾੜ ਰਿਹਾ ਹੈ, ਜਿਸ ਤੋਂ ਸ਼ਹੀਦ ਸਿੰਘਾਂ ਦਾ ਖੋਜ ਮਿੱਟ ਜਾਵੇ।"

**ਦੂਜੀ ਤਾਰ** :-ਸ: ਉਤਮ ਸਿੰਘ ਜੀ ਵੱਲੋਂ ੧੦ ਵਜੇ:-"ਕਤਲਾਮ ਸ਼ੁਰੂ ਹੈ, ਮਿੱਟੀ ਦਾ ਤੇਲ ਪਾ ਪਾ ਕੇ ਸਿੱਖ ਸਾੜੇ ਜਾ ਰਹੇ ਹਨ। ਬਹੁਤ ਛੇਤੀ ਸਰਕਾਰੀ ਮਦਦ ਤੇ ਆਪਣੇ ਜਥੇ ਲੈ ਕੇ ਪਹੁੰਚੋ। ਖ਼ਬਰਾਂ ਸਭ ਥਾਂ ਭੇਜ ਦੇਵੋ।"

**ਤੀਜੀ ਤਾਰ** :-"ਸਿੱਖਾਂ ਦਾ ਕਤਲਾਮ ਸ਼ੁਰੂ ਹੈ। ਛਵ੍ਹੀਆਂ ਤੇ ਬੰਦੂਕਾਂ ਨਾਲ ਮਹੰਤ ਵੱਲੋਂ ਬੁਛਾੜ ਹੋ ਰਹੀ ਹੈ। ਜੀਊਂਦਿਆਂ ਤੇ ਫੱਟੜਾਂ ਨੂੰ ਮਿੱਟੀ ਦਾ ਤੇਲ ਪਾ ਪਾ ਸਾੜ ਸੜਵਾ ਰਿਹਾ ਹੈ। ਭਾਈ ਲਛਮਣ ਸਿੰਘ ਤੇ ਭਾਈ ਦਲੀਪ ਸਿੰਘ ਮਾਰ ਦਿੱਤੇ ਗਏ ਹਨ। ਅਸੀਂ ਘਿਰੇ ਹੋਏ ਹਾਂ। ਜਿੰਨੀ ਤੇ ਜਿਸ ਤਰ੍ਹਾਂ ਦੀ ਮਦਦ ਹੋ ਸਕਦੀ ਹੈ, ਲੈ ਕੇ ਛੇਤੀ ਪੁੱਜੋ। ਹਾਲਤ ਬਹੁਤ ਹੀ ਖ਼ਤਰਨਾਕ ਹੈ।"

**ਚੌਥੀ ਤਾਰ** :-ਸ਼ਾਮ ਦੇ ੪ ਵਜੇ :-"ਭਾਈ ਲਛਮਣ ਸਿੰਘ ਜੱਥੇ ਸਣੇ ਚੱਕ ੬੬ ਨੂੰ ਜਾ ਰਿਹਾ ਸੀ। ਮੱਥਾ ਟੇਕਣ ਗਏ ਛਵ੍ਹੀਆਂ ਤੇ ਬੰਦੂਕਾਂ ਨਾਲ ਉਨ੍ਹਾਂ ਤੇ ਬੁਛਾੜ ਕੀਤੀ ਗਈ। ਮਿੱਟੀ ਦਾ ਤੇਲ ਪਾ ਪਾ ਕੇ ਜੀਊਂਦੇ ਸਿੱਖਾਂ ਨੂੰ ਸਾੜਿਆ ਗਿਆ ਹੈ। ਸੌ ਤੋਂ ਵੱਧ ਮੌਤਾਂ ਹੋਈਆਂ ਦਾ ਅਨੁਮਾਨ ਹੈ।"

**ਪੰਜਵੀਂ ਤਾਰ** :-ਰਾਤ ਦੇ ੮ ਵਜੇ :-"ਸਿੱਖ ਪਹੁੰਚ ਰਹੇ ਹਨ। ਚੁੱਪ ਚਾਪ ਹੈਰਾਨ ਤੇ ਸ਼ਾਂਤ ਹਨ। ਡੇਢ ਸੌ ਤੋਂ ਵੱਧ ਕਤਲ ਕੀਤੇ ਗਏ ਹਨ। ਪਟਰੋਲ ਪਾ ਪਾ ਕੇ ਸਾੜੇ ਗਏ ਹਨ। ਡੀ. ਸੀ. ਪਹੁੰਚ ਗਿਆ ਹੈ। ਫ਼ੌਜ ਆ ਰਹੀ ਹੈ। ਸਿੱਖ ਸੰਗਤਾਂ ਭੀ ਛੇਤੀ ਪਹੁੰਚਣ।"

**ਛੇਵੀਂ ਤਾਰ** :-ਜੋ ੨੧-੨-੨੧ ਨੂੰ ਸਵੇਰੇ ਸਰਦਾਰ ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ ਵੱਲੋਂ



www.AKJ.Org

ਆਈ :-"ਸ੍ਰੀ ਨਨਕਾਣੇ ਸਾਹਿਬ ਬੜਾ ਹੀ ਭਿਆਨਕ ਕਤਲਾਮ ਹੋਇਆ ਹੈ। ਕਤਲ ਕੀਤੇ ਗਿਆਂ ਦੀ ਗਿਣਤੀ ਵੱਖ ਵੱਖ ਦੱਸੀ ਜਾਂਦੀ ਹੈ। ਥਾਂ ਪਰ ਥਾਂ ਸੜੀਆਂ ਤੇ ਅੱਧ-ਸੜੀਆਂ ਲਾਸ਼ਾਂ ਮੌਜੂਦ ਹਨ। ਕੋਈ ਭੀ ਸਿੱਖ ਨੇੜੇ ਤੇੜੇ ਜਿੱਥੇ ਨਜ਼ਰ ਪਿਆ, ਛਡਿਆ ਨਹੀਂ ਗਿਆ। ਸਾੜਨ ਦਾ ਕੰਮ ਸਵੇਰੇ ੭॥ ਵਜੇ ਤੋਂ ੪॥ ਵਜੇ ਸ਼ਾਮ ਤੱਕ ਜਾਰੀ ਰਿਹਾ। ਮਹੰਤ ਨਰੈਣ ਦਾਸ, ਦੋ ਉਸ ਦੇ ਚੇਲੇ, ੨੬ ਪਠਾਣ ਗ੍ਰਿਫਤਾਰ ਕਰ ਕੇ ਸਪੈਸ਼ਲ ਟਰੇਨ ਵਿੱਚ ਲਾਹੌਰ ਭੇਜੇ ਗਏ ਹਨ। ਖਿਆਲ ਹੈ ਕਿ ੧੯੫ ਸਿੱਖ ਕਤਲ ਕੀਤੇ ਗਏ ਹਨ, ੫ ਜ਼ਖ਼ਮੀ ਹਸਪਤਾਲ ਵਿੱਚ ਹਨ। ਮੈਜਿਸਟਰੇਟ ਨੇ ਜਨਮ-ਅਸਥਾਨ ਤੇ ਕਬਜ਼ਾ ਕਰ ਲਿਆ ਹੈ। ਕਿਹਾ ਜਾਂਦਾ ਹੈ ਕਿ ਬਾਵਿਆਂ ਤੇ ਹੋਰਨਾਂ ਨੇ ਰਲ ਕੇ ਭਾਰੀ ਸਾਜ਼ਸ਼ ਕੀਤੀ ਹੈ। ਹੁਣ ਸਭ ਕੁਝ ਚੰਗਾ ਹੋ ਰਿਹਾ ਹੈ। ਅਫਸਰਾਂ ਦੀ ਵਰਤੋਂ ਹਮਦਰਦੀ ਵਾਲੀ ਹੈ। ਹਾਲਤ ਬੜੀ ਖ਼ਤਰਨਾਕ ਹੈ। ਫ਼ੌਜ ਪਹਿਰਾ ਦੇ ਰਹੀ ਹੈ।"

ਏਨ੍ਹਾਂ ਤਾਰਾਂ ਦੇ ਪਹੁੰਚਣ-ਸਾਰ ਸਾਰੇ ਪੰਜਾਬ ਵਿੱਚ ਸੁੰਨਸੁੰਨੀ ਫੈਲ ਗਈ। ਹਰ ਇੱਕ ਦਰਦ ਵਾਲੇ ਨੂੰ ਪ੍ਰੇਸ਼ਾਨੀ ਨੇ ਘੇਰ ਲਿਆ ਤੇ ਹਰੇਕ ਗੁਰਸਿੱਖ ਇਹੋ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਉੱਡ ਕੇ ਭੀ ਸ੍ਰੀ ਨਨਕਾਣੇ ਸਾਹਿਬ ਪਹੁੰਚ ਜਾਵੇ। ਇਸੇ ਆਸ ਵਿੱਚ ਦਾਸ ਨੇ ਆਪ ਪਹੁੰਚ ਕੇ ਜੋ ਹਾਲ ਅੱਖੀਂ ਡਿਠੇ ਤੇ ਕੰਨੀਂ ਸੁਣੇ ਹਨ, ਓਹ ਹੇਠ ਪ੍ਰਗਟ ਕੀਤੇ ਜਾਂਦੇ ਹਨ। ਮੁਕੱਦਮਾ ਜ਼ੇਰ ਤਫਤੀਸ਼ ਹੈ, ਜਿਨ੍ਹਾਂ ਨਤੀਜਿਆਂ ਤੇ ਪੁਲਸ ਤੇ ਅਦਾਲਤ ਅੱਪੜੇਗੀ, ਓਹ ਸਮੇਂ ਸਿਰ ਰੌਸ਼ਨੀ ਵਿੱਚ ਆਉਣਗੇ। ਜੋ ਹਾਲਾਤ ਅਸੀਂ ਦੇਂਦੇ ਹਾਂ, ਇਹ ਓਹ ਹਨ ਜੋ ਮੌਕਿਆ ਦੇਖ ਕੇ ਨਿਸ਼ਾਨਾਤ ਤੋਂ ਖੋਜੀ ਨੂੰ ਜਿਸ ਨਤੀਜੇ ਤੇ ਲੈ ਜਾਂਦੇ ਹਨ ਤੇ ਲਾਗ ਦੇ ਲੋਕ ਜੋ ਜੋ ਵਿਥਿਆ ਸੁਣਾਂਦੇ ਹਨ :-

੧੦ ਫੱਗਣ, ੨੦ ਫਰਵਰੀ ਗੁਰੂ ਹਰਿ ਰਾਇ ਸਾਹਿਬ ਦੇ ਅਵਤਾਰ-ਦਿਹਾੜੇ ਸਰੀਂਹ ਚੱਕ ੯੬ ਵਿੱਚ ਹੋਣ ਵਾਲੇ ਦੀਵਾਨ ਦੇ ਪ੍ਰਬੰਧ ਵਾਸਤੇ ਸ੍ਰੀ ਮਾਨ ਭਾਈ ਲਛਮਣ ਸਿੰਘ ਜੀ ਚੱਕ ਨੰ: ੩੩ ਧਾਰੋਵਾਲੀ ਵਾਲੇ ਜੱਥੇ ਨੂੰ ਨਾਲ ਲੈ ਕੇ ਅੰਮ੍ਰਿਤ ਵੇਲੇ ਚੂਹੜਕਾਣੇ ਤੋਂ ਚੱਲੇ।

ਜਥੇ ਨੂੰ ਭਾਈ ਲਛਮਣ ਸਿੰਘ ਜੀ ਨੇ ਆਖਿਆ, "ਪਤਾ ਨਹੀਂ ਗੁਰੂ ਜੀ ਵਲੋਂ ਹੀ ਪ੍ਰੇਰਨਾ ਹੋ ਰਹੀ ਹੈ ਤੇ ਮਹੰਤ ਦੀ ਪੂਰੀ ਤਿਆਰੀ ਦੇ ਹਾਲ ਸੁਣ ਸੁਣ ਕੇ ਭੀ ਮਨ ਯਾਤ੍ਰਾ ਵਾਸਤੇ ਜ਼ਰੂਰ ਕਰਦਾ ਹੈ। ਗੁਰਦੁਆਰੇ ਜਾ ਕੇ ਸਿਰ ਝੁਕਾ ਦੇਣਾ ਹੈ, ਬੇਸ਼ਕ ਉਥੇ ਵੱਢਿਆ ਭੀ ਜਾਵੇ, ਤਦ ਵੀ ਗੁਰਦਵਾਰੇ ਵਲੋਂ ਮੂੰਹ ਨਹੀਂ ਮੋੜਨਾ, ਤੇ ਨਾ ਹੀ ਕਿਸੇ ਨੂੰ ਕੁਝ ਆਖਣਾ ਹੈ, ਜੋ ਹੋਵੇ ਸੋ ਹੋਵੇ।

ਦਾਸ-ਕਿਸੇ ਨੂੰ ਆਪਣੇ ਨਾਲ ਜਾਣ ਵਾਸਤੇ ਨਹੀਂ ਆਖਦਾ, ਜਿਸ ਦੀ ਮਰਜ਼ੀ ਹੈ ਜਾਵੇ, ਜਿਸ ਦੀ ਮਰਜ਼ੀ ਹੈ ਨਾ ਜਾਵੇ। ਜੇ ਮਹੰਤ ਨੇ ਆਪਣੀ ਤਿਆਰੀ ਹੁਣੇ ਸਾਡੇ ਤੇ ਹੀ ਵਰਤਣੀ ਹੈ ਤਦ ਭੀ ਗੁਰੂ ਭਲਾ ਹੀ ਕਰੇਗਾ। ਦੀਵਾਨ ਤੇ ਬੇਅੰਤ ਗੁਰੂ-ਦੁਲਾਰੇ, ਚੋਣਵੇਂ ਪੰਥ-ਰਤਨ ਆਉਣੇ ਹਨ, ਪਤਾ ਹੈ ਕਿੰਨਾ ਕੁ ਕੀ ਨੁਕਸਾਨ ਪਹੁੰਚੇ। ਜੇ ਸਾਡੇ ਦਰਸ਼ਨ ਕਰਨ ਗਿਆਂ, ਸਾਡੀਆਂ ਜਿੰਦਾਂ ਜਾਣ ਨਾਲ ਬਹੁਤ ਕੀਮਤੀ ਜਿੰਦਾਂ ਬਚ ਜਾਵਣ ਤਾਂ ਏਸ ਤੋਂ ਵਧ ਹੋਰ ਕੀਹ ਲਾਹਾ ਹੈ।"

ਪਾਠਕ ਤੇ ਸਰੋਤਾ ਸੱਜਣੋ! ਇਹ ਓਸ ਬੀਰ ਦੇ ਬਚਨ ਹਨ ਜੋ ਇਕੱਲਾ ਪੁਤ੍ਰੀਆਂ ਦੇ ਇੱਕ ਚੰਗੇ ਸਕੂਲ ਨੂੰ ਕੇਵਲ ਆਪਣੇ ਖ਼ਰਚ ਨਾਲ ਨਿਬਾਹ ਰਿਹਾ, ਪਿੰਡ ਵਿੱਚ ਸਭ ਤੋਂ ਵੱਡਾ ਰਈਸ, ਕਈ ਇੱਕ ਯਤੀਮਾਂ ਨੂੰ ਬੱਚਿਆਂ ਦੀ ਤਰ੍ਹਾਂ ਪਾਲਣ ਵਾਲਾ, ਤੇ ਕਈ ਮੁਰੱਬੇ ਵੇਚ ਕੇ ਗੁਰੂ ਪੰਥ ਦੇ ਕਾਰਜਾਂ ਵਿੱਚ ਵਰਤ ਚੁਕਾ ਤੇ ਸ਼ੇਰ-ਦਿਲ ਬੀਰ ਪੰਥ ਦਾ ਚਮਕਦਾ ਲਾਲ ਹੈ। ਸੱਚ ਹੈ "ਨਿਵੈ ਸੁ ਗਉਰਾ ਹੋਇ"।

ਸ੍ਰੀ ਤਰਨ ਤਾਰਨ ਜੀ ਜਿਸ ਦਿਨ ਸ਼ਹੀਦ ਹਜ਼ਾਰਾ ਸਿੰਘ ਜੀ ਦੇ ਨਮਿੱਤ ਅਖੰਡ ਪਾਠ ਦਾ ਭੋਗ ਪਿਆ ਤਾਂ ਭਾਈ ਲਛਮਣ ਸਿੰਘ ਜੀ ਉਥੇ ਉਚੇਚੇ ਪਹੁੰਚੇ। ਭਾਰੀ ਦੀਵਾਨ ਵਿੱਚ ਮਹੰਤਾਂ-ਪੁਜਾਰੀਆਂ ਦੇ ਹਾਲ ਦੱਸੇ ਤੇ ਸਤਿਗੁਰੂ ਜੀ ਦੇ ਹਜ਼ੂਰ ਬੇਨਤੀ ਕੀਤੀ ਕਿ :-"ਸਚੇ ਪਾਤਿਸ਼ਾਹ, ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ! ਦੇਸ਼ ਵਿਚੋਂ ਜ਼ੁਲਮ ਦੂਰ ਕਰਨ, ਖ਼ਾਲਸਾ ਪੰਥ ਤੇ ਗੁਰਦਵਾਰੇ ਸਾਜਣ ਵਾਸਤੇ ਤੁਸੀਂ ਆਪ ਪਹਿਲੀ ਸ਼ਹੀਦੀ ਪ੍ਰਾਪਤ ਕੀਤੀ ਸੀ ਤੇ ਉਸ ਦੇ ਉਪ੍ਰੰਤ ਉਪਰੋ-ਥੱਲੀ ਬੇਅੰਤ ਸ਼ਹੀਦੀਆਂ ਹੋ ਕੇ ਦੇਸ਼ ਜ਼ਾਲਮਾਂ ਦੇ ਹਥੋਂ ਸੁਤੰਤਰ ਹੋ ਗਿਆ ਸੀ।



www.AKJ.Org

ਓਨ੍ਹਾਂ ਸ਼ਹੀਦੀਆਂ ਦੀ ਬਰਕਤ ਅੱਜ ਅਸੀਂ ਇਹ ਸੁਖਦਾਈ ਰਾਜ ਭਾਗ ਮਾਣ ਰਹੇ ਹਾਂ। ਅੱਜ ਜਿਸ ਤੇਰੇ ਦਰਬਾਰ ਦੇ ਸਨਮੁਖ ਮੈਂ ਖੜਾ ਦੀਵਾਨ ਵਿੱਚ ਬੇਨਤੀਆਂ ਕਰ ਰਿਹਾ ਹਾਂ, ਕੁਝ ਹੀ ਮਹੀਨੇ ਬੀਤੇ ਹਨ ਜਦ ਮੈਂ ਤੇਰੇ ਆਸ਼ਰਮ ਸਿੱਖ ਕੰਨਿਆ ਪਾਠਸ਼ਾਲਾ ਧਾਰੋਵਾਲ ਦੀਆਂ ਪੰਥ-ਪੁਤ੍ਰੀਆਂ ਨੂੰ ਨਾਲ ਲੈ ਕੇ ਇੱਕ ਸ਼ਬਦ, ਸਚੇ ਪਾਤਿਸ਼ਾਹ ! ਤੇਰਾ ਸ਼ਬਦ ਪੜ੍ਹਨ ਦੀ ਆਗਿਆ ਮੰਗੀ ਸੀ ਤਾਂ ਇਥੋਂ ਦੇ ਕਈ ਗ੍ਰੰਥੀ-ਪੁਜਾਰੀਆਂ ਨੇ ਸਾਡੀ ਉਹ ਦੁਰਗਤਿ ਕੀਤੀ, ਜੋ ਤੂੰ ਜਾਣਦਾ ਹੀ ਹੈਂ, ਤੇ ਹਾਕਮਾਂ ਪਾਸ ਪਹੁੰਚ ਪੁਤ੍ਰੀਆਂ ਵਾਸਤੇ ਓਹ ਦੁਰਬਚਨ ਕਹੇ ਸਨ ਕਿ ਨੀਚ ਤੋਂ ਨੀਚ ਪੁਰਸ਼ ਭੀ ਨਹੀਂ ਆਖ ਸਕਦਾ। ਅੱਜ ਤੇਰੇ ਪਿਆਰੇ ਦੁਲਾਰੇ ਹਜ਼ਾਰਾ ਸਿੰਘ ਸ਼ਹੀਦ ਤੇ ਹੋਰ ਕਈ ਤੇਰੇ ਪਿਆਰਿਆਂ ਦੇ ਫੱਟੜ ਹੋਣ ਦੀ ਬਰਕਤ, ਇਹ ਗੁਰਦਵਾਰਾ (ਸ੍ਰੀ ਦਰਬਾਰ ਸਾਹਿਬ ਤਰਨ ਤਾਰਨ) ਗੁਰੂ ਪੰਥ ਦੇ ਹੱਥ ਹੋ ਗਿਆ ਹੈ, ਤੇ ਪਿਛਲੇ ਪਾਪਾਂ ਦੀ ਮੈਲ ਏਨ੍ਹਾਂ ਸ਼ਹੀਦਾਂ ਦੇ ਖ਼ੂਨ ਨਾਲ ਧੋਤੀ ਗਈ ਹੈ। ਸੋ ਏਸੇ ਤਰ੍ਹਾਂ ਹੀ ਕਿਰਪਾ ਕਰ, ਜੁ ਮੈਂ ਨਿਕਾਰੇ ਦੀ ਸ਼ਹੀਦੀ ਤੇਰੇ ਦਰਬਾਰ ਸ੍ਰੀ ਨਨਕਾਣੇ ਸਾਹਿਬ ਦੇ ਨਮਿੱਤ ਲੱਗੇ ਤੇ ਓਹ ਗੁਰਦਵਾਰਾ ਭੀ ਕੁਕਰਮੀਆਂ ਹਥੋਂ ਸੁਤੰਤਰ ਹੋ ਜਾਵੇ, ਜਿਨ੍ਹਾਂ ਨੇ ਹੁਣ ਰਹਿਣੀ ਬਹਿਣੀ ਵਾਲੇ ਗੁਰਸਿੱਖਾਂ ਨੂੰ ਗੁਰਦਵਾਰੇ ਜਾਣਾ ਤੇ ਸ੍ਰੀ ਨਨਕਾਣੇ ਸਾਹਿਬ ਦੀ ਹੱਦ ਵਿੱਚ ਠਹਿਰਨਾ ਭੀ ਬੰਦ ਕਰ ਦਿੱਤਾ ਹੈ। ਵਿਸ਼ੇਸ਼ ਕਰਕੇ ਜਿਸ ਦਿਨ ਤੋਂ ਇਹ ਤੇਰੇ ਦਰਬਾਰ ਸਾਕਾ ਹੋਇਆ ਹੈ, ਓਸ ਦਿਨ ਤੋਂ ਗੁਰਸਿੱਖਾਂ ਖ਼ਾਸ ਕਰ ਕ੍ਰਿਪਾਨ-ਧਾਰੀ ਖਾਲਸਾ ਵਾਸਤੇ ਬਹੁਤ ਬੁਰਾ ਵਰਤਾਉ ਹੋ ਰਿਹਾ ਹੈ। ਸੋ ਜਿਸ ਤਰ੍ਹਾਂ ਤੂੰ ਇਹ ਦਰਬਾਰ ਸੁਤੰਤਰ ਕੀਤਾ ਹੈ, ਇਸੇ ਤਰ੍ਹਾਂ ਹੀ ਸ੍ਰੀ ਨਨਕਾਣਾ ਸਾਹਿਬ ਆਪਣਾ ਆਦਿ ਤੇ ਸ਼ਰੋਮਣੀ ਗੁਰਦੁਆਰਾ ਬਚਾਓ, ਤੇ ਜਿਸ ਜਿਸ ਨੂੰ ਆਪਣੀ ਸੇਵਾ ਵਿੱਚ ਲਗਾਣਾ ਹੋਵੇ, ਲਗਾਓ। ਪਰ ਮੈਂ ਨਿਮਾਣੇ ਦਾ ਉਤਸ਼ਾਹ ਜ਼ਰੂਰ ਪੂਰਾ ਕਰੀਂ। ਸ੍ਰੀ ਨਨਕਾਣਾ ਸਾਹਿਬ ਜੀ ਦੀ ਸੁਤੰਤ੍ਰਤਾ ਵਾਸਤੇ ਮੈਨੂੰ ਆਪਣੀ ਸੇਵਾ ਵਿੱਚ ਜ਼ਰੂਰ ਲਗਾਵੀਂ।''

ਆਪ ਦੀ ਇਹ ਬੇਨਤੀ ਡਾਢੀ ਦਿਲਚੀਰਵੀਂ ਸੀ। ਇਹ ਦੇਖ ਕੇ ਇਸ ਇਲਾਕੇ ਦੇ ਸੈਂਕੜੇ ਆਦਮੀਆਂ ਨੇ ਸ੍ਰੀ ਨਨਕਾਣਾ ਸਾਹਿਬ ਜਾਣ ਵਾਸਤੇ ਪ੍ਰਣ ਕੀਤੇ ਤੇ ਨਾਮ ਲਿਖਵਾਏ, ਪਰ ''ਵਿਣੁ ਕਰਮਾਂ ਕਿਛੁ ਪਾਈਐ ਨਾਹੀ'', ਬੀਰ ਆਪ ਹੀ ਸ਼ਹੀਦੀ ਲੈ ਕੇ ਪ੍ਰਣ ਪੂਰਾ ਕਰ ਗਏ।

ਗੁਰੂ ਦੁਲਾਰੇ ਲਛਮਣ ਸਿੰਘ ਨੇ ਸਾਥੀ ਸਿੰਘਾਂ ਨੂੰ ਆਖਿਆ, ''ਜੇ ਦਰਸ਼ਨਾਂ ਲਈ ਚੱਲਣਾ ਹੈ ਤਦ ਗੁਰੂ ਜੀ ਨੂੰ ਚਿੱਤ ਵਿਚ ਵਸਾ ਕੇ ਪ੍ਰਣ ਕਰ ਲਵੋ ਕਿ ਭਾਵੇਂ ਕੋਈ ਵਿਰੋਧੀ ਕੁਝ ਭੀ ਸਖਤੀ ਕਰੇ, ਤੁਹਾਡੇ ਵਿਚੋਂ ਕਿਸੇ ਨੇ ਹੱਥ ਨਹੀਂ ਚੁਕਣਾ, ਤੇ ਕੇਵਲ ਦਰਸ਼ਨ ਕਰ ਕੇ ਵਾਪਸ ਆ ਜਾਣਾ ਹੈ।'' ਇਹ ਇਕਰਾਰ ਸਾਰਿਆਂ ਨੇ ਕੀਤਾ ਤੇ ਨਾਲ ਹੋ ਤੁਰੇ।

ਸ੍ਰੀ ਨਨਕਾਣਾ ਸਾਹਿਬ ਪਹੁੰਚ, ਬਾਲ ਲੀਲ੍ਹਾ ਵਾਲੇ ਸਰੋਵਰ ਵਿੱਚ ਸਾਰੇ ਜੱਥੇ ਨੇ ਇਸ਼ਨਾਨ ਕੀਤਾ ਤੇ ਗੁਰਦਵਾਰੇ ਮੱਥਾ ਟੇਕਿਆ। ਮਹੰਤ ਬਾਲ ਲੀਲ੍ਹਾ ਨੇ ਪੁਛਿਆ, ''ਮਹਾਰਾਜ ਜੀ ! ਜੇ ਆਪ ਕਬਜ਼ਾ ਕਰਨ ਆਏ ਹੋ ਤਦ ਮੈਥੋਂ ਤਾਂ ਬੇਸ਼ੱਕ ਹੁਣੇ ਸਭ ਕੁਝ ਸੰਭਾਲ ਲਵੋ।'' ਸਿੰਘ ਜੀ ਨੇ ਆਖਿਆ ਕਿ ''ਅਸੀਂ ਦੀਵਾਨ ਦੇ ਪ੍ਰਬੰਧ ਤੇ ਯਾਤ੍ਰਾ ਵਾਸਤੇ ਆਏ ਹਾਂ, ਕਬਜ਼ਾ ਕਰਨ ਨਹੀਂ ਆਏ। ਇਹ ਹੁਣ ਗੁਰੂ ਪੰਥ ਦੇ ਵਿਚਾਰ ਗੋਚਰ ਹੈ, ਸੁਧਾਰ ਕਰਨ ਵਾਸਤੇ ਹੀ ੧੩, ੧੪, ੧੫ ਫੱਗਣ ਨੂੰ ਦੀਵਾਨ ਸਜਣਾ ਹੈ। ਜੇ ਮਹੰਤ ਜੀ ਸਮਝੌਤਾ ਕਰ ਲੈਣ ਤਾਂ ਸੁਖ ਨਾਲ ਸੁਧਾਰ ਹੋ ਸਕਦਾ ਹੈ।''

ਏਥੋਂ ਵਿਦਿਆ ਹੋ ਕੇ ਆਪ ਮੁਖ ਗੁਰਦਵਾਰਾ ਜਨਮ ਅਸਥਾਨ ਗਏ। ਸਾਧਾਰਨ ਯਾਤ੍ਰੀਆਂ ਦੀ ਤਰ੍ਹਾਂ ਆਪ ਅੰਦਰ ਜਾ ਨਮਸਕਾਰ ਕਰ ਕੇ ਬੈਠੇ ਤਾਂ ਮਹੰਤ ਦੇ ਕਰਿੰਦੇ ਨੇ ਜ਼ਬਾਨੀ ਆਉ ਭਗਤ ਕੀਤੀ, ਮਿੱਠਾ ਬੋਲਿਆ। ਜਥੇ ਨੇ ਭੀ ਯਥਾ ਯੋਗ ਸਨਮਾਨ ਕਰ ਕੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਦਿੱਤਾ। ਜਥੇ ਦੇ ਸ਼ਬਦ ਪੜ੍ਹਨਾ ਸ਼ੁਰੂ ਕਰਦੇ ਹੀ ਫਟੱਕ ਕਰਕੇ ਗੁਰਦਵਾਰੇ ਦਾ ਵੱਡਾ ਦਰਵਾਜ਼ਾ ਬਾਹਰ ਦਾ (ਜੋ ਦਸਾਂ ਕੁ ਦਿਨਾਂ ਤੋਂ ਹੀ ਲਗਵਾਇਆ ਗਿਆ ਸੀ ਤੇ ਜਿਸ ਵਿਚ ਮੋਰਚੇ ਰੱਖੇ ਹੋਏ ਸਨ) ਬੰਦ ਹੋਇਆ। ਦਰਵਾਜ਼ਾ ਬੰਦ ਹੋਣ ਦਾ ਖੜਾਕ ਸੁਣ ਕੇ ਕੁਝ ਸਿੰਘਾਂ ਨੇ ਬਾਹਰ ਵੱਲ ਵੇਖਿਆ ਹੀ ਸੀ ਜੋ ਦੂਜਾ ਬੂਹਾ ਭੀ ਵੱਜਦਾ ਨਜ਼ਰ ਪਿਆ। ਤੇ ਉੱਪਰ ਚਾਰ ਚੁਫੇਰੇ ਸੈਂਕੜੇ

www.AKJ.org

ਬੰਦੂਕਚੀ ਨਜ਼ਰ ਪੈਂਦੇ ਸਾਰ ਗੋਲੀਆਂ ਦੀ ਬੁਛਾੜ ਗੁਰਸਿੱਖਾਂ ਤੇ ਸ਼ੁਰੂ ਹੋ ਪਈ। ਬਹੁਤ ਸਾਰੇ ਸਿੰਘ ਫੱਟੜ ਹੋ ਗਏ। ਇਹ ਵੇਖ ਕੇ ਮਹੰਤ ਨੂੰ ਵਿਚਾਰ ਦਾ ਸਮਾਂ ਦੇਣ ਤੇ ਸ਼ਾਂਤਿ ਭਵਨ ਨੂੰ ਕਿਸੇ ਤਰ੍ਹਾਂ ਹੋਰ ਖ਼ੂਨ ਖ਼ਰਾਬੇ ਤੋਂ ਬਚਾਉਣ ਦਾ ਯਤਨ, ਧਰਮ ਸਮਝ ਕੇ ਭਾਈ ਲਛਮਣ ਸਿੰਘ ਜੀ ਤੇ ਅੱਠ ਕੁ ਹੋਰ ਸਿੰਘ ਜਨਮ ਸਥਾਨ ਗੁਰਦਵਾਰੇ ਦੇ ਮੰਦਰ ਵਿੱਚ ਚਲੇ ਗਏ ਤੇ ਅੰਦਰੋਂ ਦਰਵਾਜ਼ੇ ਬੰਦ ਕਰ ਲਏ। ਏਸੇ ਤਰ੍ਹਾਂ ਹੋਰ ਸਿੰਘ ਭੀ ਇਰਦ ਗਿਰਦ ਦੀਆਂ ਕੋਠੜੀਆਂ ਵਿੱਚ, ਕਿਸੇ ਵਿੱਚ ਪੰਜ, ਕਿਸੇ ਵਿਚ ਸੱਤ, ਕੋਈ ਕਿੰਨੇ, ਕੋਈ ਕਿੰਨੇ ਅੰਦਰੀਂ ਵੜ ਗਏ ਤੇ ਅੰਦਰੋਂ ਦਰਵਾਜ਼ੇ ਬੰਦ ਕਰ ਲਏ, ਜੁ ਮਤਾਂ ਦੇਰ ਪੈਣ ਨਾਲ ਪਾਪੀ ਨੂੰ ਕੁਝ ਸੁਮੱਤ ਹੋ ਆਵੇ। ਪਰ ਇਹ ਵੇਖ ਉਹ ਜ਼ਾਲਮ ਬੰਦੂਕਾਂ ਤੇ ਛਵ੍ਹੀਆਂ ਲੈ ਕੇ ਹੇਠ ਉਤਰੇ ਤੇ ਸਾਰੇ ਮਕਾਨ, ਜੋ ਅੰਦਰੋਂ ਬੰਦ ਸਨ, ਬਾਹਰੋਂ ਭੀ ਬੰਦ ਕਰ ਗਏ। ਤੇ ਬੂਹਿਆਂ ਵਿਚੋਂ ਗੋਲੀਆਂ ਮਾਰਨੀਆਂ ਅਰੰਭ ਕਰ ਕੇ ਕਸਾਈਆਂ ਦੀ ਤਰ੍ਹਾਂ ਬਹੁਤ ਸਾਰੇ ਸਿੰਘ ਫੱਟੜ ਕਰ ਕੇ ਮੌਤ ਦੇ ਘਾਟ ਉਤਾਰੇ। ਜੇਹੜੇ ਦਰਵਾਜ਼ੇ ਚਾਂਦੀ ਜਾਂ ਪਿੱਤਲ ਵਾਲੇ ਸਨ, ਉਨ੍ਹਾਂ ਨੂੰ ਵੱਢ ਕੇ ਛੇਕ ਕਰ ਕੇ ਗੋਲੀਆਂ ਮਾਰੀਆਂ ਗਈਆਂ। ਨਮੂਨੇ ਵਾਸਤੇ ਅਜੇ ਸਭ ਥਾਵਾਂ ਉਸੇ ਤਰ੍ਹਾਂ ਹਨ। ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਕਮਰੇ ਵਿੱਚ, ਜਿਸ ਪਾਸੇ ਸ: ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਨ, ਡੇਢ ਸੌ ਤੋਂ ਵੱਧ ਗੋਲੀਆਂ ਦੇ ਨਿਸ਼ਾਨ ਅਫ਼ਸਰਾਂ ਨੇ ਗਿਣੇ ਹਨ, ਤੇ ਚਾਰ ਸੌ ਚੁਰਿੰਜਾ ਦੇ ਕਰੀਬ ਹੋਰ ਕੰਧਾਂ ਤੇ, ਜਿਨ੍ਹਾਂ ਨਾਲ ਸ੍ਰੀ ਗੁਰੂ ਜੀ ਦੇ ਰੁਮਾਲ ਅਤੇ ਪੱਤਰੇ ਛਿੱਜ ਗਏ, ਕਈ ਥਾਵਾਂ ਦਾ ਸੰਗਮਰਮਰ ਚੂਰ ਚੂਰ ਹੋ ਗਿਆ, ਸ਼ੀਸ਼ੇ ਚੂਰ ਚੂਰ ਹੋ ਗਏ।

ਹੁਣ ਦੂਜੇ ਪਾਸੇ ਦਾ ਹਾਲ ਸੁਣੋ। ਜਦ ਭਾਈ ਲਛਮਣ ਸਿੰਘ ਜੀ ਦਾ ਜੱਥਾ ਰਵਾਨਾ ਹੋ ਗਿਆ, ਤਦ ਸ੍ਰੀ ਮਾਨ ਭਾਈ ਕਰਤਾਰ ਸਿੰਘ ਜੀ ਆਦਿਕ ਜੱਥੇਦਾਰਾਂ ਨੇ ਖ਼ਾਲਸਾ ਸਕੂਲ ਸਰਗੋਧਾ ਦੇ ਸਕੱਤ੍ਰ ਅਤੇ ਇਲਾਕੇ ਦੇ ਰਈਸ, ਨੌਜਵਾਨ ਗੁਰੂ ਦੁਲਾਰੇ ਸ: ਦਲੀਪ ਸਿੰਘ ਜੀ ਨਾਲ ਬਹੁਤ ਸਾਰੇ ਸਿੰਘ ਦੇ ਕੇ ਟੋਰਿਆ, ਜੁ ਤੂੰ ਜਾ ਕੇ ਸ: ਲਛਮਣ ਸਿੰਘ ਜੀ ਨੂੰ ਗੁਰਦਵਾਰੇ ਯਾਤਰਾ ਕਰਨ ਜਾਣ ਤੋਂ ਮਨ੍ਹਾ ਕਰ, ਨਾਲੇ ਤੇਰੀ ਵਾਕਫ਼ੀ ਮਹੰਤ ਨਾਲ ਭੀ ਹੈ। ਜੇ ਜੱਥਾ ਯਾਤ੍ਰਾ ਤੋਂ ਨਾ ਮੁੜੇ ਤਦ ਮਹੰਤ ਨੂੰ ਸਮਝਾ ਦੇਵੀਂ ਕਿ ਇਹ ਕੇਵਲ ਯਾਤ੍ਰਾ ਵਾਸਤੇ ਆਏ ਹਨ। ਭੁਲੇਖੇ ਵਿਚ ਹੀ ਬਹੁਤ ਕੁਝ ਨਾ ਹੋ ਜਾਵੇ। ਆਗਿਆ ਮੰਨ ਤੇ ਦੁਪਾਸੜ ਪਿਆਰ ਦਾ ਭਰੋਸਾ ਰੱਖ ਸ਼ਾਂਤਿ-ਮੂਰਤ ਸਰਦਾਰ ਦਲੀਪ ਸਿੰਘ ਜੀ ਭੀ ਥੋੜਾ ਚਿਰ ਬਾਦ ਪਹੁੰਚੇ। ਤਦ ਵੇਖਦੇ ਕੀਹ ਹਨ ਕਿ ਬੰਦੂਕਾਂ ਵਗੈਰਾ ਦੀ ਠਾਹ ਠਾਹ ਹੋ ਰਹੀ ਹੈ ਤੇ ਮਹੰਤ ਜੀ ਚੰਡੀ ਰੂਪ ਗੁਰਦਵਾਰੇ ਦੇ ਧੁਰ ਉੱਤੇ ਮੋਰਚੇ ਵਿਚ ਬੈਠੇ ਬੰਦੂਕ ਚਲਾ ਰਹੇ ਹਨ। ਸ: ਦਲੀਪ ਸਿੰਘ ਜੀ ਨੇ ਵਿਚੋਂ ਹੀ ਮਾਣ ਨਾਲ ਅਵਾਜ਼ ਦਿੱਤੀ ਕਿ 'ਮਹੰਤ ਜੀ, ਕੀਹ ਕਰਦੇ ਹੋ, ਸੰਭਲੋ! ਸੰਭਲੋ!!' ਇਹ ਅਵਾਜ਼ ਦੇਂਦੇ ਹੀ ਸਨ ਕਿ ਸਰਰਰ ਕਰਦੀ ਗੋਲੀ ਆਪ ਵਲ ਚੱਲੀ। ਆਪ ਨੇ ਬੰਦੂਕ ਆਪਣੀ ਵਲ ਸਿੱਧੀ ਹੁੰਦੀ ਵੇਖ ਅਵਾਜ਼ ਦਿੱਤੀ ਹੀ ਸੀ ਕਿ "ਮਹੰਤ ਜੀ! ਮੈਂ ਦਲੀਪ ਸਿੰਘ ਹਾਂ" ਤਾਂ ਗੋਲੀ ਆਪ ਦੇ ਮੱਥੇ ਵਿਚ ਲੱਗੀ ਤੇ ਉੱਥੇ ਹੀ ਸ਼ਹੀਦ ਹੋ ਗਏ!

ਏਸ ਦੇ ਉਪ੍ਰੰਤ ਉਹ ਦੈਂਤ ਮਹੰਤ ਦੇ ਪਾਲਤੂ, ਹਾਂ ਹਾਂ ਸਿੱਖਾਂ ਦੀ ਗਾੜ੍ਹੀ ਕਮਾਈ ਦੀ ਪੂਜਾ ਵਿਚੋਂ ਸ਼ਰਾਬ ਕਬਾਬ ਉਡਾ ਕੇ ਗੁਰਦਵਾਰੇ ਵਿਚ ਸਿੱਖਾਂ ਨੂੰ ਕਤਲ ਕਰ ਰਹੇ, ਜੀਊਂਦੇ ਜੀ ਸਾੜਨ ਵਾਲੇ ਰਾਖਸ਼ ਗੁਰਦਵਾਰੇ ਦਾ ਬੂਹਾ ਖੋਲ੍ਹ ਸਰਾਂ ਵਲ ਆਏ ਤੇ ਸਰਦਾਰ ਦਲੀਪ ਸਿੰਘ ਦੇ ਸਾਥੀਆਂ ਨੂੰ ਭੀ ਪਹਿਲੇ ਸ਼ਹੀਦਾਂ ਦੇ ਘਾਟ ਉਤਾਰਿਆ। ਏਧਰ ਦੁਸ਼ਟ ਮਹੰਤ ਦੇ ਇਕ ਹੋਰ ਬੁਜ਼ਰ ਚੇਲੇ ਨੇ ਸ੍ਰੀ ਮਾਨ ਭਾਈ ਲਛਵਣ ਸਿੰਘ ਜੀ ਦੇ ਪਹਿਲੇ ਹੱਥ ਪੋਟਾ ਪੋਟਾ ਕਰਕੇ ਕੱਟੇ ਤੇ ਆਖਿਆ ਤੂੰ ਭੀ ਮਨੀ ਸਿੰਘ ਬਣ ਜਾਹ। ਉਪ੍ਰੰਤ .. ਕੱਟ ਕੇ ਓਨ੍ਹਾਂ ਦੇ ਮੂੰਹ ਵਿਚ ਦੇ, ਮਹੰਤ ਦੇ ਸਾਹਮਣੇ ਆਂਦਾ। ਮਹਾਨ ਪਾਪੀ ਉਸਨੂੰ ਦੇਖ ਕੇ ਹੱਸਿਆ ਤੇ ਸਿਰ ਵਢਵਾ ਕੇ ਕੇਸਾਂ ਤੋਂ ਹੱਥ ਵਿਚ ਫੜ ਘੋੜੇ ਤੇ ਚੜ੍ਹ ਕੇ ਫੇਰਿਆ ਕਿ ਕੇਸਾਂ ਤੇ ਕ੍ਰਿਪਾਨਾਂ ਵਾਲਿਆਂ ਦਾ ਮੈਂ ਇਹ ਹਾਲ ਕੀਤਾ ਹੈ ਤੇ ਕਰਾਂਗਾ। ਆਹ ਵੇਖ ਲਵੋ, ਗੱਦੀ-ਨਸ਼ੀਨ ਬਣਨ ਦੇ ਖ਼ਾਹਸ਼ਮੰਦ ਦਾ ਹਾਲ। ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!! ਤੇਰੀ ਰਜ਼ਾ! ਸੱਚੇ ਪਿਤਾ ਜੀ! ਐਡੀ ਕਰੜੀ ਕੁਰਬਾਨੀ! ਐਡੀ ਵੱਡੀ ਪ੍ਰੀਖਿਆ! ਬਖਸ਼! ਬਖਸ਼!! ਬਖਸ਼!!!

www.AKJ.Org

ਪਾਪੀ ਮਹੰਤ ਤੇ ਉਸਦੇ ਸਾਥੀ ਭੀ ਅੰਦਰੋਂ ਕੰਬ ਉਠੇ ਤੇ ਫਿਰ ਅਪਰਾਧੀ ਚਿੱਤ ਦੇ ਜ਼ੁਲਮੀ ਜੋਸ਼ ਨੂੰ ਭੜਕਾ ਦੇਣ ਵਾਸਤੇ ਪਾਪ ਕਰਮਾਂ ਦਾ ਠੁੱਮਣਾ-ਸੁਣਿਆ ਹੈ ਕਿ ਮਿੰਟਾਂ ਵਿੱਚ ਹੀ ਹੋਰ ਸ਼ਰਾਬ ਦਾ ਦੌਰ ਚਲਿਆ। ਉਪ੍ਰੰਤ ਸਤਿਗੁਰੂ ਜੀ ਦੇ ਹਜ਼ੂਰ ਸਿਰ ਨਿਵਾ ਕੇ ਸਿਰ ਕਟਾਣ ਵਾਲੇ ਫੱਟੜਾਂ ਵਿੱਚੋਂ ਕਈ ਸਿਸਕਦੇ ਸਿੰਘਾਂ ਦੇ ਟੁਕੜੇ ਫੁਕੜੇ ਕੀਤੇ, ਟੋਕਿਆਂ ਨਾਲ ਪੱਠਿਆਂ ਦੀ ਤਰ੍ਹਾਂ ਕੁਤਰੇ। ਬੂਹਾ ਖੁੱਲ੍ਹਣ ਪਰ ਬਾਹਰ ਗਏ ਜਾਨਦਾਰ ਫੱਟੜ ਫੜ ਫੜ ਕੇ ਆਵੀ ਦੀ ਭੱਠੀ ਵਿੱਚ ਪਾ ਪਾ ਕੇ ਸ਼ਰ੍ਹੇ-ਆਮ ਸੜਕ ਦੇ ਕਿਨਾਰੇ ਸਾੜੇ। ਤੇ ਆਪਣੇ ਪਾਲਤੂ ਰਾਸ਼ਿਆਂ ਨੂੰ ਹੁਕਮ ਦਿੱਤਾ ਕਿ ਜਿੱਥੇ ਜਿਥੇ ਬਾਹਰ ਕੋਈ ਕ੍ਰਿਪਾਨ ਤੇ ਕੇਸਾਂ ਵਾਲਾ ਮਿਲੇ, ਕਤਲ ਕਰੋ। ਸੁਣਿਆ ਹੈ ਕਿ ਕਈ ਸਿੱਖ ਰੇਲ ਦੀ ਪਟੜੀ, ਆਮ ਬਜ਼ਾਰਾਂ ਤੇ ਪੈਲੀਆਂ ਆਦਿ ਵਿਚ ਹੀ ਜਿੱਥੇ ਜਿੱਥੇ ਮਿਲੇ, ਏਸੇ ਘਾਟ ਲਿਆ ਉਤਾਰੇ। ਇੱਕ ਨੌਜਵਾਨ ਯਾਤਰੂ ਨੇ ਹੱਥ ਜੋੜੇ ਕਿ ਵਾਸਤੇ ਗੁਰੂ ਨਾਨਕ ਦੇ ਮੇਰੀ ਜਿੰਦ ਬਖ਼ਸ਼ੋ, ਮੈਂ ਜੱਥੇ ਨਾਲ ਨਹੀਂ ਹਾਂ, ਮੈਂ ਤਾਂ ਓਪਰਾ ਯਾਤਰੂ ਹਾਂ। ਪਰ ਇਹ ਆਖ ਕੇ ਕਿ ਸਿੱਖ ਤਾਂ ਹੈਂ! ਉਸ ਦੇ ਜੋੜੇ ਹੋਏ ਹੱਥ ਵਢ ਕੇ ਉਪ੍ਰੰਤ ਮੌਤ ਦੇ ਘਾਟ ਉਤਾਰਿਆ। ਆਖਦੇ ਹਨ ਕਿ ਇਕ ਬੱਚੇ ਦੀ ਕ੍ਰਿਪਾਨ ਲੁਕਾ ਕੇ ਕੁਝ ਦਰਦੀਆਂ ਨੇ ਉਸ ਨੂੰ ਲੁਕਾ ਭਜਾ ਕੇ ਬਚਾਇਆ। ਦੋ ਫੱਟੜਾਂ ਨੂੰ ਨਗਰ-ਨਿਵਾਸੀਆਂ ਨੇ ਪਨਾਹ ਦਿੱਤੀ, ਪਰ ਉਨ੍ਹਾਂ ਨੂੰ ਇਸ ਨੀਚ ਦੇ ਆਦਮੀ ਕੇਸਾਂ ਤੋਂ ਫੜ ਧੂਹ ਲਿਆਏ ਤੇ ਸ਼ਹੀਦੀ ਦੇ ਘਾਟ ਉਤਾਰ ਦਿੱਤੇ। ਪਵਿਤਰ ਗੁਰਦਵਾਰੇ ਦੀ ਪ੍ਰਕਰਮਾਂ ਵਿੱਚ ਗੁਰੂ ਦੁਲਾਰਿਆਂ ਦੇ ਪੰਜ ਭੱਠ ਬਲ ਰਹੇ ਸਨ। ਅੱਗ ਦੇ ਭਬਾਕੇ ਨਿਕਲ ਰਹੇ ਅਸਮਾਨ ਤੱਕ ਪਹੁੰਚ ਰਹੇ ਪ੍ਰਤੀਤ ਹੁੰਦੇ ਹਨ। ਧੂੰਆਂ ਧਾਰ ਵਿਚ ਕੁਝ ਨਹੀਂ ਸੀ ਦਿਸਦਾ।

ਹੁਣ ਦੂਜੇ ਪਾਸੇ ਦਾ ਸੁਣੋ। ਸਟੇਸ਼ਨ ਮਾਸਟਰ ਸ: ਕਰਮ ਸਿੰਘ ਜੀ ਸਟੇਸ਼ਨ ਤੋਂ ਗੋਲੀਆਂ ਦੀ ਅਵਾਜ਼ ਸੁਣ ਕੇ ਤੇ ਲਾਟਾਂ ਵੇਖ ਕੇ ਗੁਰਦਵਾਰੇ ਵੱਲ ਆਏ। ਦੱਸਦੇ ਹਨ ਕਿ ਜਦ ਉਹ ਅੱਧ ਤੱਕ ਪਹੁੰਚੇ ਤਾਂ ਇਕ ਨਿਹੰਗ ਸਿੰਘ ਜੀ ਨੇ, ਜਿਸ ਤਰ੍ਹਾਂ ਕੋਈ ਅਗੰਮੀ ਮਦਦ ਪਹੁੰਚਦੀ ਹੈ, ਇਹ ਹਾਲ ਦੱਸ ਕੇ ਬਹੁਤ ਛੇਤੀ ਮੁੜ ਜਾਣ ਵਾਸਤੇ ਆਖਿਆ। ਏਤਨੇ ਨੂੰ ਜੱਥੇ ਨਾਲੋਂ ਬਾਹਰ ਰਿਹਾ ਇੱਕ ਸਿੰਘ ਭਾਈ ਲਾਭ ਸਿੰਘ ਜੀ ਆਣ ਕੇ ਮਿਲਿਆ ਤੇ ਉਸ ਇਹ ਦੁਖੜੇ ਦੱਸੇ ਤੇ ਗੁਰੂ ਪੰਥ ਤੇ ਸਰਕਾਰ ਨੂੰ ਪਤਾ ਦੇਣ ਲਈ ਤਾਰਾਂ ਭੇਜਣ ਨੂੰ ਆਖਿਆ। ਉਸੇ ਵੇਲੇ ਹੀ ਸਟੇਸ਼ਨ ਮਾਸਟਰ ਨੇ ਸਟੇਸ਼ਨ ਤੇ ਪਹੁੰਚ ਤਾਰ ਨੰਬਰ ਇਕ ਦੇ ਮਜ਼ਮੂਨ ਵਾਲੀ ਇਕ ਤਾਰ ਲਾਟ ਸਾਹਿਬ, ਇਕ ਡਿਪਟੀ ਕਮਿਸ਼ਨਰ ਸ਼ੇਖੂਪੁਰਾ ਰਾਹੀਂ ਡਿਪਟੀ ਕਮਿਸ਼ਨਰ ਗੁੱਜਰਾਂਵਾਲਾ, ਸੁਪ੍ਰੰਟੰਡੰਟ ਪੁਲੀਸ ਸ਼ੇਖੂਪੁਰਾ ਤੇ ਇਕ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਭੇਜੀ, ਅਤੇ ਬਹੁਤ ਛੇਤੀ ਸਰਦਾਰ ਉੱਤਮ ਸਿੰਘ ਜੀ ਨੂੰ ਕਾਰਖਾਨੇ ਪਤਾ ਦਿੱਤਾ। ਸਰਦਾਰ ਜੀ ਕੋਠੇ ਤੇ ਚੜ੍ਹੇ ਅਚਰਜ ਹੋਏ ਹੋਏ ਸਭ ਹਾਲ ਦੇਖ ਰਹੇ ਸਨ। ਉਸ ਵੇਲੇ ਬਾਕੀ ਹਾਲ ਪਤਾ ਕਰਕੇ ਡਾਕਖਾਨੇ ਦੇ ਰਾਹੀਂ ਨੰ: ੨, ੩, ੪, ੫ ਦੀਆਂ ਸੈਂਕੜੇ ਤਾਰਾਂ ਥਾਂ ਪਰ ਥਾਂ ਸਾਰੇ ਪੰਜਾਬ ਭਰ ਵਿੱਚ ਭੇਜੀਆਂ।

ਇੱਕ ਤਾਰ ਮਹਾਤਮਾ ਗਾਂਧੀ ਦੀ ਸੇਵਾ ਵਿੱਚ ਭੀ ਖ਼ੂਨੀ ਸਾਕੇ ਦੀ ਰਾਵਲਪਿੰਡੀ ਪੁੱਜੀ। ਕੰਪਨੀ ਬਾਗ ਵਿਚ, ਜਦ ਕਿ ੪੦ ਹਜ਼ਾਰ ਦਾ ਜਲਸਾ ਭਰਿਆ ਹੋਇਆ ਸੀ, ਭਾਈ ਬੁੱਧ ਸਿੰਘ ਜੀ ਬਜਾਜ਼ ਨੇ ਆਪਣੀ ਤਾਰ ਮਹਾਤਮਾ ਜੀ ਨੂੰ ਦੱਸੀ ਕਿ ਨਨਕਾਣਾ ਸਾਹਿਬ ਸਿੱਖਾਂ ਤੇ ਇਹ ਕਹਿਰ ਹੋਇਆ ਤੇ ਹੋ ਰਿਹਾ ਹੈ। ਤਾਂ ਮਹਾਤਮਾ ਜੀ ਨੇ ਦੱਸਿਆ, ਮੈਨੂੰ ਭੀ ਤਾਰ ਆਈ ਹੈ। ਪਰ ਆਪ ਨੇ ਜਲਸੇ ਵਿੱਚ ਜ਼ਿਕਰ ਤਕ ਨਹੀਂ ਕੀਤਾ। ਹਮਦਰਦੀ ਜਾਂ ਸ਼ੋਕ ਦਾ ਉੱਤਰ ੨੪-੨-੨੧ ਤਕ ਦਾਸ ਦੇ ਨਨਕਾਣਾ ਸਾਹਿਬ ਹੁੰਦਿਆਂ ਨਹੀਂ ਭੇਜਿਆ ਸੁਣਿਆ। ਇਹ ਓਪਰੇ ਲੀਡਰਾਂ ਦੀ ਹਮਦਰਦੀ ਦੇ ਨਮੂਨੇ ਹਨ। ਇਸੇ ਹੀ ਤਰ੍ਹਾਂ ਦੀ ਵਰਤੋਂ ਲਾਲਾ ਲਾਜਪਤ ਰਾਏ ਜੀ ਦੀ ਸੁਣੀ ਹੈ। ਇਹ ਭੀ ਪਤਾ ਲੱਗਾ ਹੈ ਜੁ ਇਸ ਭਿਆਨਕ ਹਾਦਸੇ ਦੀ ਤਾਰ ਸਿੱਖ ਸਤਾਤਨ ਕਾਨਫਰੰਸ ਨੂੰ ਭੀ ਪਹੁੰਚੀ ਸੀ, ਪਰ ਇਨ੍ਹਾਂ ਨੇ ਜ਼ਰਾ ਪ੍ਰਵਾਹ ਜਾਂ ਹਮਦਰਦੀ ਨਹੀਂ ਵਰਤੀ।

ਸ੍ਰੀ ਮਾਨ ਸ: ਬ: ਸਰਦਾਰ ਮਤਾਬ ਸਿੰਘ ਜੀ ਤੇ ਸ: ਸੇਵਾਰਾਮ ਸਿੰਘ ਜੀ ਨੇ ਤਾਰਾਂ ਪਹੁੰਚਦੇ ਸਾਰ ਪੰਜਾਬ ਸਰਕਾਰ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਪਤਾ ਦਿੱਤਾ ਤੇ ਛੇਤੀ ਪ੍ਰਬੰਧ ਕਰਨ ਨੂੰ ਪ੍ਰੇਰਿਆ।



www.AKJ.Org

ਸ੍ਰੀ ਅੰਮ੍ਰਿਤਸਰ ਜੀ ਖਾਲਸਾ ਕਾਲਜ ਦੀ ਕਮੇਟੀ ਸੀ। ਸ੍ਰੀ ਮਾਨ ਪੰਥ ਦੇ ਸੱਚੇ ਦਰਦੀ ਆਨਰੇਬਲ ਸ: ਬ: ਸਰਦਾਰ ਸੁੰਦਰ ਸਿੰਘ ਦੀ ਮਜੀਠੀਏ, ਸਰਦਾਰ ਹਰਬੰਸ ਸਿੰਘ ਜੀ ਅਟਾਰੀ, ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਆਦਿ ਸੱਜਣ ਖਾਲਸਾ ਕਾਲਜ ਸਨ। ਜਦ ਚੀਫ਼ ਖ਼ਾਲਸਾ ਦੀਵਾਨ ਵਾਲੀਆਂ ਤਾਰਾਂ ਸੁਪ੍ਰਟੰਡੰਟ ਕਾਲਜ ਲੈ ਕੇ ਪੁੱਜੇ ਤਦ ਉਸੇ ਵੇਲੇ ਇਨ੍ਹਾਂ ਪੰਥ-ਦਰਦੀਆਂ ਨੇ ਟੈਲੀਫ਼ੋਨ ਰਾਹੀਂ ਰਾਵਲਪਿੰਡੀ ਲਾਟ ਸਾਹਿਬ ਜੀ ਨੂੰ, ਲਾਹੌਰ ਬੈਠੇ ਸਾਰੇ ਜ਼ਿੰਮੇਵਾਰ ਅਫ਼ਸਰਾਂ ਨੂੰ ਸਾਰੇ ਹਾਲ ਦੱਸ ਕੇ ਛੇਤੀ ਪ੍ਰਬੰਧ ਕਰਨ ਨੂੰ ਆਖਿਆ ਤੇ ਜੋ ਜੋ ਯੋਗ ਪ੍ਰਬੰਧ ਸੁੱਝਿਆ, ਕੀਤਾ।

ਸ੍ਰੀ ਤਰਨ ਤਾਰਨ ਸਾਹਿਬ ਸਿੱਖਾਂ ਦੀ ਕਤਲਾਮ ਦਾ ਪਤਾ ਪਹੁੰਚਣ ਸਾਰ ਇਥੋਂ ਤੇ ਨੇੜੇ ਨੇੜੇ ਦੀ ਸੰਗਤ, ਦੋ ਸੌ ਦੇ ਕਰੀਬ ਗੁਰੂ ਦੁਲਾਰੇ ਭਾਈ ਵਰਿਆਮ ਸਿੰਘ ਜੀ ਜੱਥੇਦਾਰ ਅਕਾਲੀ ਦਲ ਨਾਲ ਤਿਆਰ ਹੋਏ ਤੇ ਕੇਸਾਂ ਸਣੇ ਇਸ਼ਨਾਨ ਕਰ, ਅਰਦਾਸਾ ਸੋਧਣ ਤੱਕ ਪਤਾ ਲੱਗਾ ਜੋ ਸਰਕਾਰ ਨੇ ਸਾਰੇ ਰਸਤੇ ਤੇ ਰੇਲਾਂ ਬੰਦ ਕਰ ਦਿੱਤੀਆਂ ਹਨ। ਆਪ ਪੈਦਲ ਪਿੰਡ ਪਿੰਡ ਹੁੰਦੇ ਪਤਾ ਦਿੰਦੇ ਤੁਰ ਪਏ, ਜਿਨ੍ਹਾਂ ਵਿਚ ਕੁਝ ਬਾਰ੍ਹਾਂ ਬਾਰ੍ਹਾਂ ਸਾਲ ਦੇ ਬੱਚੇ ਭੀ ਸਨ। ਆਹ ! ਜਥੇਦਾਰ ਦਾ ਦਰਦ ਭਰਿਆ ਅਰਦਾਸਾ, ਸ਼ਹੀਦੀ ਦੀ ਤਿਆਰੀ ਤੇ ਵਡੇ ਵਡੇ ਅਮੀਰ ਤੇ ਰਈਸ ਘਰਾਣਿਆਂ ਦੇ ਬੱਚਿਆਂ ਤੇ ਸਾਰੇ ਹੀ ਬੋਰਡਰਾਂ ਦਾ ਵਹੀਰ ਪਾਣਾ ਅਦੁਤੀ ਉਤਸ਼ਾਹ ਤੇ ਮੁਰਦਿਆਂ ਨੂੰ ਸੁਰਜੀਤ ਕਰਨ ਦਾ ਨਜ਼ਾਰਾ ਸੀ।

ਪਤਾ ਲਗਾ ਹੈ ਕਿ ਸਰਦਾਰ ਉੱਤਮ ਸਿੰਘ ਜੀ ਸਰਦਾਰ ਧੰਨਾ ਸਿੰਘ ਜੀ ਮਾਲਕ ਕਾਰਖਾਨਾ ਜੀ ਵਲੋਂ ਕਈ ਸੌ ਰੁਪੈ ਕੇਵਲ ਤਾਰਾਂ ਤੇ ਹੀ ਖ਼ਰਚ ਕੀਤੇ ਗਏ ਹਨ।

ਹੁਣ ਆਓ ਸਰਕਾਰ ਵਾਲੇ ਪਾਸੇ, ਸਰਦਾਰ ਉਤਮ ਸਿੰਘ ਜੀ ਨੇ ਦਸ ਕੁ ਵਜੇ ਇਹ ਪਤਾ ਲੱਗਣ ਪਰ, ਜੋ ਡਿਪਟੀ ਕਮਿਸ਼ਨਰ ਦੌਰੇ ਉਪਰ, ਪਿੰਡ ਮਾਂਗਟ (ਜੋ ਸ੍ਰੀ ਨਨਕਾਣੇ ਸਾਹਿਬ ਜੀ ਤੋਂ ੧੦ ਮੀਲ ਦੇ ਕਰੀਬ ਹੈ) ਹਨ, ਉਸੇ ਵੇਲੇ ਅਸਵਾਰ ਭੇਜਿਆ। ੧੨॥ ਵਜੇ ਦੁਪਹਿਰ ਦੇ ਕਰੀਬ ਸਾਹਿਬ ਸਟੇਸ਼ਨ ਤੇ ਪਹੁੰਚੇ, ਗੁਰਦਵਾਰੇ ਗਏ। ਦੇਰ ਤੱਕ ਬੂਹਾ ਖੁਲ੍ਹਾਣ ਦਾ ਯਤਨ ਕਰਨ ਪਿਛੋਂ ਬੂਹਾ ਖੁਲ੍ਹਿਆ ਤੋਂ ਧੂੰਆਂ ਧਾਰ ਤੇ ਬਲ ਰਹੇ ਭੱਠ ਵੇਖੇ। ਮਹੰਤ ਨੇ ਕਿਹਾ, ਬਹੁਤ ਸਾਰੇ ਸਿੱਖ ਆ ਪਏ ਸਨ, ਮੇਰੇ ਸਾਧ ਮਾਰੇ ਗਏ ਹਨ, ਏਸ ਡਰ ਦੇ ਮਾਰੇ ਕਿ ਲਾਸ਼ਾਂ ਨਾ ਖੋਹ ਲੈ ਜਾਣ, ਮੈਂ ਬੂਹਾ ਮਾਰ ਕੇ ਛੇਤੀ ਛੇਤੀ ਸਾੜ ਰਿਹਾ ਹਾਂ। ਦੋ ਕੁ ਮਿੰਟ ਵਿਚ ਹੀ ਸਾਹਿਬ ਵੇਖ ਕੇ ਬਾਹਰ ਆ ਗਏ। ਉਥੋਂ ਡਾਕਖ਼ਾਨੇ ਪੁੱਜੇ ਤੇ ਸਰਕਾਰੀ ਤਾਰਾਂ ਦਿੱਤੀਆਂ। ਚੋਖੇ ਚਿਰ ਪਿੱਛੋਂ ਫੇਰ ਆਪ ਸਰਦਾਰ ਨਰੈਣ ਸਿੰਘ ਜੀ ਬੈਰਿਸਟਰ ਆਦਿ ਪਤਵੰਤੇ ਸੱਜਣਾਂ ਨਾਲ ਗੁਰਦਵਾਰੇ ਗਏ। ਸਰਦਾਰ ਜੀ ਨੇ ਉਨ੍ਹਾਂ ਨੂੰ ਦੱਸਿਆ ਜੁ ਸਵੇਰੇ ੭॥ ਵਜੇ ਤੋਂ ਸਿੱਖਾਂ ਦਾ ਕਤਲਾਮ ਹੋ ਰਿਹਾ ਹੈ, ਤੇਲ ਪਾ ਪਾ ਕੇ ਜੀਊਂਦੇ ਸਾੜੇ ਜਾ ਰਹੇ ਹਨ; ਛੇਤੀ ਯਤਨ ਹੋਣਾ ਚਾਹੀਦਾ ਹੈ, ਆਦਿਕ।

ਏਨੇ ਨੂੰ ਤਾਰ ਆ ਗਈ ਕਿ ਲਾਹੌਰ ਤੋਂ ਸਪੈਸ਼ਲ ਗੱਡੀ ਰਾਹੀਂ ਫ਼ੌਜ, ਪੁਲਸ, ਕਮਿਸ਼ਨਰ ਕਿੰਗ, ਕੁਝ ਹੋਰ ਅਫ਼ਸਰ ਤੇ ਸਿੱਖ ਸਰਦਾਰ ਆ ਰਹੇ ਹਨ। ਇਹ ਖ਼ਬਰ ਭੀ ਮਹੰਤ ਨੂੰ ਝੱਟ ਪਹੁੰਚ ਗਈ, ਜਿਸ ਤੇ ਉਸ ਨੇ ਹਥਿਆਰਾਂ ਵਗੈਰਾ ਦੇ ਛਪਾਣ, ਸ਼ਹੀਦਾਂ ਦੇ ਛੇਤੀ ਜਲਾਣ, ਲਹੂ ਆਦਿਕ ਥਾਂ ਪਰ ਥਾਂ ਤੋਂ ਧਵਾਣ ਤੇ ਦੁਸ਼ਟ ਸਾਥੀਆਂ ਨੂੰ ਲੁਕਾਣ ਤੇ ਨਠਾਣ ਦਾ ਯਤਨ ਅਰੰਭ ਕਰ ਦਿੱਤਾ।

ਏਧਰ ਡੀ. ਸੀ. ਚਾਰ ਕੁ ਵਜੇ ਦੇ ਕਰੀਬ ਸ: ਉਤਮ ਸਿੰਘ ਜੀ ਤੇ ਹੋਰ ਪਤਵੰਤੇ ਸੱਜਣਾਂ ਨੂੰ ਨਾਲ ਲੈ ਕੇ ਗੁਰਦਵਾਰੇ ਪਹੁੰਚੇ। ਸਰਦਾਰ ਜੀ ਨੇ ਪੰਜ ਭੱਠ ਬਲਦੇ ਵਿਖਾ ਕੇ ਡੀ. ਸੀ. ਨੂੰ ਦੱਸਿਆ ਕਿ ਸਵੇਰ ਦੇ ੭॥ ਵਜੇ ਤੋਂ ਹੁਣ ੪॥ ਵਜੇ ਤਕ ਇਹ ਕਾਰਾ ਵਰਤ ਰਿਹਾ ਹੈ। ਇਸ ਤਰ੍ਹਾਂ ਇਹ ਸਭ ਨਿਸ਼ਾਨ ਮਿਟ ਜਾਣਨਗੇ। ਸੋ ਸਭ ਤੋਂ ਪਹਿਲਾਂ ਪਾਣੀ ਪਵਾ ਕੇ ਇਹ ਭੱਠ ਬੁਝਵਾ ਦਿੱਤੇ ਜਾਣ। ਏਸ ਦੀ ਤਾਮੀਲ ਉਸੇ ਵੇਲੇ ਕਰਵਾਈ ਗਈ। ਤੇ ਸਰਦਾਰ ਜੀ ਨੇ ਸਾਹਿਬ ਨੂੰ ਤੇਲ ਦੇ ਪੀਪੇ, ਜੋ ਵਰਤੇ ਗਏ ਤੇ ਅਜੇ ਵਰਤਣ ਯੋਗ ਪਏ ਸਨ, ਕੋਠੜੀਆਂ ਜਿਨ੍ਹਾਂ ਵਿੱਚ ਖ਼ੂਨ



www.AKJ.Org

ਕੀਤੇ ਸਨ, ਲਹੂ ਲੁਹਾਣ, ਦੋ ਕੋਠੜੀਆਂ ਜਿਨ੍ਹਾਂ ਵਿੱਚ ਟੁੱਕ ਟੁੱਕ ਕੇ ਕੀਮੇ ਦੀ ਤਰ੍ਹਾਂ ਕੀਤੇ ਗਏ ਸਨ, ਇੱਕ ਸਮਾਧ ਦੇ ਅੰਦਰ ਦੋ ਪਾਸੇ ਕੀਤੇ ਦੋ ਕਤਲਾਂ ਦੇ ਨਿਸ਼ਾਨ, ਫੱਟਾ ਤੇ ਇੱਟਾਂ, ਜਿਨ੍ਹਾਂ ਤੇ ਰੱਖ ਰੱਖ ਟੋਟੇ ਕੀਤੇ ਸੁਣੇ ਸਨ, ਇਕ ਜੰਡ ਦਾ ਦਰੱਖ਼ਤ ਜਿਸ ਨਾਲ ਕੋਈ ਜੀਊਂਦਾ ਗੁਰੂ ਦੁਲਾਰਾ ਖੜਾ ਖੜੋਤਾ ਬੰਨ੍ਹ ਕੇ ਤੇਲ ਪਾ ਕੇ ਸਾੜਿਆ ਪ੍ਰਤੱਖ ਪ੍ਰਤੀਤ ਹੁੰਦਾ ਸੀ, ਧੂਹ ਧੂਹ ਕੇ ਲਿਜਾਣ ਦੇ ਬੇਅੰਤ ਨਿਸ਼ਾਨ, ਖ਼ੂਨ ਦੇ ਭਰੇ ਹੋਏ ਚਬੱਚੇ, ਭੱਠਾਂ ਦੇ ਪਾਸ ਪਈਆਂ ਲੋਹੇ ਦੀਆਂ ਸੀਖਾਂ ਜਿਨ੍ਹਾਂ ਨਾਲ ਸਾੜਦੇ ਭੁੰਨਦੇ ਰਹੇ, ਭੰਨੇ ਤੋੜੇ ਹੋਏ ਬੂਹੇ, ਗੁਰਦਵਾਰੇ ਦੇ ਅੰਦਰ ਦੇ ਵੱਢੇ ਹੋਏ ਦਰਵਾਜ਼ੇ, ਇਕ ਪਾਸੇ ਡੇਢ ਸੌ ਦੇ ਕਰੀਬ ਤੇ ਹੋਰ ਕੰਧਾਂ ਤੇ ੪੫੪ ਦੇ ਗੋਲੀਆਂ ਦੇ ਨਿਸ਼ਾਨ, ਚੂਰ ਚੂਰ ਹੋਏ ਸ਼ੀਸ਼ੇ, ਗੋਲੀਆ ਨਾਲ ਭੱਜੇ ਟੁੱਟੇ ਸੰਗਮਰਮਰ, ਤੇ ਦਰਵਾਜ਼ਿਆਂ ਵਿੱਚ ਬਣਾਏ ਮੋਰਚਿਆਂ ਦੀ ਤਰ੍ਹਾਂ ਨਿਸ਼ਾਨ, ਪੇਚਦਾਰ ਵੱਡੇ ਦਰਵਾਜ਼ੇ ਦੇ ਨਿਸ਼ਾਨ, ਇੱਟਾਂ ਵੱਟਿਆਂ ਦੇ ਢੇਰ, ਖ਼ੂਨ ਨਾਲ ਤਰ ਬਤੱਰ ਬਸਤਰ, ਇਕ ਡੂੰਘੇ ਬੰਦ ਖੂਹ ਦੇ ਪੁੱਟੇ ਹੋਏ ਫੱਟ, ਪ੍ਰਕਰਮਾਂ ਵਿਚ ਥਾਂ ਪਰ ਥਾਂ ਕੇਸ, ਕੰਘੇ, ਲਾਸ਼ਾਂ ਦੇ ਕੜੇ, ਕ੍ਰਿਪਾਨਾਂ, ਕਛਹਿਰੇ ਅਤੇ ਮਹੰਤ ਦੇ ਪਾਲਤੂ ਰਾਖਸ਼ਾਂ ਵੱਲੋਂ ਬੇਅੰਤ ਸੜੇ ਹੋਏ ਚੁਰਟ ਆਦਿ ਸਭ ਵਿਖਾਏ। ਬਾਹਰ ਦੀ ਭੱਠੀ ਵਿਚ ਸੜ ਰਹੀਆਂ ਲਾਸ਼ਾਂ ਦਸੀਆਂ ਤੇ ਆਖਿਆ, ਛੇਤੀ ਪ੍ਰਬੰਧ ਕਰੋ।

ਇਤਨੇ ਨੂੰ ਸਪੈਸ਼ਲ ਤਾਰ ਪਹੁੰਚ ਗਈ. ਫ਼ੌਜ ਨੇ ਚੁਫੇਰੇ ਗੁਰਦਵਾਰੇ ਦਾ ਘੇਰਾ ਘੱਤ ਲਿਆ। ਕਮਿਸ਼ਨਰ ਆਦਿ ਸਾਰੇ ਅਫ਼ਸਰਾਂ ਤੇ ਸ: ਬ: ਸਰਦਾਰ ਮਤਾਬ ਸਿੰਘ ਜੀ, ਸ: ਹਰਨਾਮ ਸਿੰਘ ਜੀ ਬੈਂਕਰ, ਸ: ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ, ਸ: ਸੁੰਦਰ ਸਿੰਘ ਜੀ ਚਾਵਲਾ, ਸ: ਗੁਰਬਖਸ਼ ਸਿੰਘ ਜੀ ਸਕੱਤ੍ਰ ਡਿ: ਸਿਖ ਲੀਗ ਤੇ ਸ: ਲਾਲ ਸਿੰਘ ਜੀ ਆਦਿ ਸਭ ਨੇ ਉਪ੍ਰੋਕਤ ਸਾਰੇ ਮੌਕੇ ਦੇਖੇ ਤੇ ਡਾਢੇ ਦੁਖੀ ਹੋਏ। ਸ: ਮਤਾਬ ਸਿੰਘ ਜੀ ਨੇ ਛੇਤੀ ਗ੍ਰਿਫ਼ਤਾਰੀਆਂ ਕਰਨ ਵੱਲ ਕਮਿਸ਼ਨਰ ਦਾ ਧਿਆਨ ਦਿਵਾਇਆ ਤੇ ਪਹਿਲੇ ਪਹਿਲ ਮਹੰਤ ਦੇ ਦਰਵਾਜ਼ੇ ਅੱਗੇ ਪਹੁੰਚੇ। ਅਵਾਜ਼ਾਂ ਦਿੱਤੀਆਂ। ਕੁਝ ਚਿਰ ਬਾਅਦ ਅਵਾਜ਼ ਆ ਕੇ ਫੇਰ ਗੁੰਮ ਹੋ ਗਈ। ਅਖ਼ੀਰ ਮਕਾਨ ਨੂੰ ਘੇਰਾ ਘੱਤ ਬੂਹਾ ਤੁੜਾਇਆ ਗਿਆ ਤਾਂ ਮਹੰਤ ਬੰਦੂਕ ਲਈ ਸਾਹਮਣੇ ਆਇਆ, ਜੋ ਡੀ. ਸੀ. ਮਿਸਟਰ ਕਰੀ ਨੇ ਫੜ ਲਈ ਤੇ ਹੱਥਕੜੀ ਲਗਵਾਈ ਗਈ। ਇਸੇ ਤਰ੍ਹਾਂ ਪੈ ਦਰ ਪੈ ਮਹੰਤ ਦੇ ੨ ਚੇਲੇ ਤੇ ੨੬ ਪਠਾਣ ਗ੍ਰਿਫ਼ਤਾਰ ਕੀਤੇ ਗਏ। ਅਤੇ ਗੁਰਦਵਾਰਾ ਸਰਕਾਰ ਨੇ ਆਪਣੇ ਕਬਜ਼ੇ ਵਿਚ ਕਰ ਲਿਆ। ਏਧਰੋਂ ਸ੍ਰੀ ਅੰਮ੍ਰਿਤਸਰ ਜੀ ਤੋਂ ਸ: ਹਰਬੰਸ ਸਿੰਘ ਜੀ, ਸ: ਸੁੰਦਰ ਸਿੰਘ ਜੀ ਰਾਮਗੜ੍ਹੀਏ, ਸ: ਤੇਜਾ ਸਿੰਘ ਜੀ ਅਕਾਲੀ ਜੱਥੇਦਾਰ, ਸ: ਬਲਵੰਤ ਸਿੰਘ ਜੀ ਰਈਸ ਸੂਬੇਦਾਰ ਕੁੱਲਾ ਜੋ ਸ੍ਰੀ ਤਰਨ ਤਾਰਨ ਜੀ ਦੇ ਹਾਦਸੇ ਵਿਚ ਸੱਜੀ ਬਾਂਹ ਤੇ ਛੱਵੀ ਦਾ ਕਾਰੀ ਫੱਟ ਖਾ ਚੁੱਕੇ ਸਨ, ਸ: ਦੀਦਾਰ ਸਿੰਘ ਜੀ, ਡਾਕਟਰ ਬਲਵੰਤ ਸਿੰਘ ਜੀ, ਡਾਕਟਰ ਭਗਵਾਨ ਸਿੰਘ ਜੀ, ਡਾਕਟਰ ਹਰੀਰਾਮ ਸਿੰਘ ਜੀ, ਆਦਿਕ ਸੱਜਣ ਮੋਟਰਾਂ ਤੇ ਸ੍ਰੀ ਨਨਕਾਣਾ ਸਾਹਿਬ ਪੁੱਜੇ। ਏਸੇ ਤਰ੍ਹਾਂ ਪਤਾ ਲੱਗਾ ਕਿ ਲਾਹੌਰ ਤੋਂ ਭੀ ਕੁਝ ਪੰਥ ਦਰਦੀ ਰਵਾਨਾ ਹੋ ਗਏ।

੨੧-੨-੨੧ ਨੂੰ ਬੇਅੰਤ ਸੱਜਣ ਥਾਂ ਪਰ ਥਾਂ ਤੋਂ ਰੇਲਾਂ ਤੇ ਪਹੁੰਚੇ। ਸ੍ਰੀ ਨਨਕਾਣਾ ਸਾਹਿਬ ਦੇ ਟਿਕਟ ਤੇ ਉੱਥੇ ਗੱਡੀ ਖੜੋਣੀ ਬੰਦ। ਪਰ ਜੋ ਲਾਹੌਰ ਸਟੇਸ਼ਨ ਤੇ ਸਵੇਰੇ ੮ ਵਜੇ ਤੱਕ ਪਹੁੰਚ ਗਏ, ਓਹ ਰੇਲ ਵਿਚ ਚੜ੍ਹ ਗਏ ਅਤੇ ਕਈ ਉਰਲੇ ਤੇ ਕਈ ਪਰਲੇ ਸਟੇਸ਼ਨ ਤੇ ਉਤਰ ਕੇ ਪੈਦਲ ਸ੍ਰੀ ਨਨਕਾਣਾ ਸਾਹਿਬ ਪਹੁੰਚ ਗਏ।

ਅੱਜ ਸਵੇਰ ਤੱਕ ਦੀ ਹਾਲਤ ਤਾਰ ਨੰ: ੬, ਜੋ ਸ: ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ ਨੇ ਭੇਜੀ, ਓਸ ਤੋਂ ਪ੍ਰਗਟ ਹੈ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ ਵਲੋਂ ਗੱਡੀਆਂ ਦੀ ਰੋਕ ਹਟਾਣ ਆਦਿ ਤੇ ਹੋਰ ਪ੍ਰਬੰਧ ਵਾਸਤੇ ਲਾਟ ਸਾਹਿਬ ਵੱਲ ਆਦਮੀ ਚਿੱਠੀ ਦੇ ਕੇ ਭੇਜਿਆ ਗਿਆ ਤੇ ਸੇਵਕ ਅਕਾਲ ਤਖ਼ਤ ਵਲੋਂ ਹੇਠ ਲਿਖਿਆ ਇਸ਼ਤਿਹਾਰ ਪ੍ਰਗਟ ਹੋ ਕੇ ਬਿਜਲੀ ਦੀ ਤਰ੍ਹਾਂ ਥਾਂ ਪਰ ਥਾਂ ਭੇਜਿਆ ਗਿਆ। [ਚਲਦਾ]



www.AKJ.Org

# ਗੁਰਸਿੱਖੀ ਬਾਰੀਕ ਹੈ (੧)

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਭਾਈ ਗੁਰਦਾਸ ਜੀ ਗਿਆਰਵੀਂ ਵਾਰ ਵਿਚ ਜਿਥੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਤਕ ਦੇ ਮੁਖੀ ਗੁਰਸਿਖਾਂ ਦੇ ਨਾਮਾਂ ਦੀ ਸੂਚੀ ਦਿੰਦੇ ਹਨ, ਉਥੇ ਇਸ ਵਾਰ ਵਿਚ ਗੁਰਸਿੱਖੀ, ਗੁਰਮੁਖਾਂ ਦੀ ਪ੍ਰੀਤਿ, ਪਿਰਮ ਰਸ, ਚਰਨ ਕਮਲ ਕੀ ਮਉਜ ਆਦਿ ਗੂੜ੍ਹ ਨੁਕਤਿਆਂ ਬਾਰੇ ਵੀ ਚਾਨਣਾ ਪਾਂਦੇ ਹਨ। ਇਸੇ ਵਾਰ ਦੀ ਪੰਜਵੀਂ ਪਉੜੀ ਵਿਚ ਗੁਰਸਿੱਖੀ ਨੂੰ ਬਾਰੀਕ ਆਖਦੇ ਹਨ। ਗੁਰਬਾਣੀ ਸਿਖ ਬਣਨ ਦੀ ਜਾਚ ਸਿਖਾਉਂਦੀ ਹੈ, ਸਚਿਆਰ ਬਣਨ ਦੀ ਜਾਚ ਸਿਖਾਉਂਦੀ ਹੈ। ਅਤੇ ਭਾਈ ਗੁਰਦਾਸ ਜੀ ਇਕ ਸਿਖਿਆਰਥੀ ਹੋਣ ਦੇ ਨਾਤੇ, ਆਪਣੇ ਵਿਚਾਰ ਆਉਣ ਵਾਲੀਆਂ ਸਿਖ ਪੀੜ੍ਹੀਆਂ ਨਾਲ ਸਾਂਝੇ ਕਰਦੇ ਦਸ ਰਹੇ ਹਨ ਕਿ 'ਸਿੱਖੀ' ਜਿਸ ਨੂੰ ਕਈ ਲੋਕੀ ਆਪਣੀ ਮਨ-ਮਰਜ਼ੀ ਅਨੁਸਾਰ ਸਧਾਰਨ ਮੰਨੀ ਬੈਠੇ ਹਨ, ਅਸਲ ਵਿਚ ਇਕ ਡੂੰਘੀ ਸੋਚ ਮੰਗਦੀ ਹੈ। ਔਖੀ ਨਹੀਂ ਹੈ, ਡੂੰਘੀ ਹੈ, ਬਾਰੀਕ (Subtle) ਹੈ। ਭਾਈ ਗੁਰਦਾਸ ਜੀ ਲਿਖਦੇ ਹਨ :–

ਗੁਰਸਿਖੀ ਬਾਰੀਕ ਹੈ, ਖੰਡੇਧਾਰ ਗਲੀ ਅਤਿ ਭੀੜੀ॥
ਓਥੈ ਟਿਕੈ ਨ ਭੁਣਹਣਾ, ਚਲਿ ਨ ਸਕੈ ਉਪਰਿ ਕੀੜੀ॥
ਵਾਲਹੁੰ ਨਿਕੀ ਆਖੀਐ, ਤੇਲ ਤਿਲਹੁੰ ਲੈ ਕੋਹਲੂ ਪੀੜੀ॥
ਗੁਰਮੁਖਿ ਵੰਸੀ ਪਰਮਹੰਸ, ਖੀਰ ਨੀਰ ਨਿਰਨਉ ਚੁੰਜਿ ਵੀੜੀ॥
ਸਿਲਾ ਅਲੂਣੀ ਚਟਣੀ, ਮਾਣਕ ਮੋਤੀ ਚੋਗ ਨਿਵੀੜੀ (ਨਵੀਨ)॥
ਗੁਰਮੁਖਿ ਮਾਰਗ ਚਲਣਾ, ਆਸ ਨਿਰਾਸੀ ਝੀੜ-ਉਝੀੜੀ (ਸੂਖਮ)॥
ਸਹਜਿ ਸਰੋਵਰਿ ਸਚਖੰਡਿ, ਸਾਧ ਸੰਗਤਿ ਸਚ ਤਖਤ ਹਰੀੜੀ (ਹਰੀ ਦੀ)॥
ਚੜ੍ਹਿ ਇਕੀਹ ਪਤਿ ਪਉੜੀਆਂ, ਨਿਰੰਕਾਰ ਗੁਰਸ਼ਬਦ ਸਹੀੜੀ (ਉਤਮ)॥
ਗੁੰਗੈ ਦੀ ਮਠਿਆਈਐ, ਅਕਥ ਕਥਾ ਵਿਸਮਾਦੁ ਬਚੀੜੀ (ਵਚਨ ਦੁਆਰਾ)॥
ਗੁਰਮੁਖਿ ਸੁਖ ਫਲੁ ਸਹਜਿ ਅਲੀੜੀ (ਲਿਵਲੀਨ ਹੋਈ ਹੋਈ)॥ (ਵਾਰ ੧੧/੫)

ਭਾਈ ਸਾਹਿਬ ਆਪਣੇ ਸਿਧਾਂਤ ਨੂੰ ਸਪੱਸ਼ਟ ਤੌਰ ਤੇ ਦਸਣ ਵਿਚ ਜਦੋਂ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ ਤਾਂ ਬੜੇ ਹੀ ਸੰਕੋਚਵੇਂ ਢੰਗ ਨਾਲ ਅਤੇ ਸੰਕੇਤਕ ਸ਼ਬਦਾਵਲੀ ਰਾਹੀਂ ਬੁਝਾਰਤਾਂ ਪਾ ਕੇ ਆਪਣੀ ਗੱਲ ਸਾਡੇ ਤਕ ਪਹੁੰਚਾਉਣ ਦਾ ਜਤਨ ਕਰਦੇ ਹਨ। ਗੁਰਸਿੱਖੀ ਦੇ ਬਾਰੀਕ ਹੋਣ ਦੀ ਤਸ਼ਬੀਹ ਤਲਵਾਰ ਦੀ ਧਾਰ ਜਾਂ ਅਤਿ ਭੀੜੀ ਗਲੀ ਨਾਲ ਦਿੱਤੀ ਹੈ। ਤਲਵਾਰ ਦੀ ਧਾਰ ਤੇ ਤੁਰਨਾ ਇਤਨਾ ਔਖਾ ਹੈ ਕਿ ਉਸ ਉਪਰ (ਭੁਣਹਣਾ) ਮੱਛਰ ਤੋਂ ਵੀ ਛੋਟਾ ਜੀਵ ਭੂੰਗਾ ਤਕ ਵੀ ਤੁਰ ਨਹੀਂ ਸਕਦਾ, ਅਤੇ ਕੀੜੀ ਦੇ ਆਕਾਰ ਵਾਲੇ ਜੀਵ ਨੂੰ ਭੀ ਉਸ ਤੇ ਤੁਰਨਾ ਔਖਾ ਹੈ। ਅਤਿ ਭੀੜੀ ਗੱਲੀ ਵਿਚੋਂ ਹਾਥੀ ਦੇ ਆਕਾਰ ਵਾਲੇ ਪਸ਼ੂ ਦਾ ਗੁਜ਼ਰਨਾ ਔਖਾ ਹੁੰਦਾ ਹੈ। ਭਾਈ ਸਾਹਿਬ ਬੁਝਾਰਤ ਜਿਹੀ ਪਾ ਕੇ ਸਮਝਾਅ ਰਹੇ ਹਨ ਕਿ ਸਿੱਖੀ ਦਾ ਪ੍ਰੇਮਾ ਭਗਤੀ ਮਾਰਗ ਇਸ ਕਦਰ ਸੂਖਮ ਹੈ ਕਿ ਹਉਮੈ ਨਾਲ ਸਥੂਲ ਹੋਇਆ ਇਨਸਾਨ ਇਸ ਉਪਰ ਨਹੀਂ ਚਲ ਸਕਦਾ। ਭਗਤ ਕਬੀਰ ਜੀ ਭੀ ਆਪਣੇ ਰੰਗ ਵਿਚ ਇਉਂ ਫੁਰਮਾਉਂਦੇ ਹਨ :–

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥
ਮਨੁ ਤਉ ਮੈਗਲੁ ਹੋਇ ਰਹਿਓ, ਨਿਕਸੋ ਕਿਉਕੈ ਜਾਇ॥੫੮॥ (੧੩੬੭)

ਜਿਹੜਾ ਮਨੁਖ ਆਪਣੀ ਹਉਮੈ ਕਰਕੇ ਹਾਥੀ ਦਾ ਆਕਾਰ ਧਾਰੀ ਬੈਠਾ ਹੈ, ਉਸ ਲਈ ਇਸ ਬਾਰੀਕ ਰਸਤੇ ਥਾਣੀਂ ਲੰਘਣਾ ਨਾ-ਮੁਮਕਿਨ ਹੈ। ਪਰ ਅਗਲੇ ਸਲੋਕ ਵਿਚ ਹੀ ਕਬੀਰ ਜੀ ਇਸ ਬੁਝਾਰਤ ਨੂੰ ਸੰਕੇਤਕ ਰੂਪ ਵਿਚ ਖੋਲ੍ਹ ਦੇਂਦੇ ਹਨ :–



www.AKJ.Org

ਕਬੀਰ ਐਸਾ ਸਤਿਗੁਰੁ ਜੇ ਮਿਲੈ, ਤੁਠਾ ਕਰੇ ਪਸਾਉ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥੫੯॥ (ਪੰਨਾ ੧੩੬੭)

'ਮੁਕਤਿ ਦੁਆਰਾ ਸੰਕੁਰਾ' ਜਾਂ 'ਗਲੀ ਅਤਿ ਭੀੜੀ' ਦੇ ਭਾਵ-ਅਰਥ ਇਕੋ ਹੀ ਹਨ। ਸਚਖੰਡ ਤਕ ਦਾ ਸਫ਼ਰ ਅਤਿ ਸੂਖਮ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਭੀ ਇਉਂ ਸੰਕੇਤ ਕੀਤਾ ਹੈ :-

ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥
ਗੁਰ ਕੈ ਸਬਦਿ ਭ੍ਰਮੁ ਕਟੀਐ, ਅਚਿੰਤੁ ਵਸੈ ਮਨਿ ਆਇ॥੧॥ [ਸੂਹੀ ਮ: ੩-੭੫੬

ਅਤਿ ਸੂਖਮ, ਅਗੰਮ, ਅਤੇ ਸਾਡੀ ਸੋਚ ਤੋਂ ਭੀ ਪਰੇ ਜੋ ਪ੍ਰਭੂ ਪਿਤਾ ਹੈ, ਉਸ ਤਕ ਅਪੜਨ ਲਈ ਪਦਾਰਥਕ ਸੋਚ, ਅਤੇ ਵਿਧੀਆਂ ਕਾਮਯਾਬ ਨਹੀਂ ਹੋ ਸਕਦੀਆਂ। ਗੁਰੂ ਦੇ ਸ਼ਬਦ ਦਾ ਵਰਣਾਤਮਕ ਸਰੂਪ ਭਾਵੇਂ ਮੰਨਿਆ ਜਾਏ, ਪਰ ਜਦੋਂ ਇਹ ਧੁਰ ਅੰਦਰ ਹਿਰਦੇ ਵਿਚ ਵੱਸ ਜਾਂਦਾ ਹੈ, ਧੱਸ ਜਾਂਦਾ ਹੈ ਤਾਂ ਇਸ ਦਾ ਸਰੂਪ ਭੀ ਅਤਿ ਸੂਖਮ ਹੋ ਜਾਂਦਾ ਹੈ ਅਤੇ ਇਹ ਮਨੁਖ ਦੇ ਧੁਰ ਅੰਦਰ ਹੀ ਅੰਦਰ, ਹਉਮੈ ਦੀ ਹਵਾੜ ਕੱਢ ਕੇ ਮਨ ਨੂੰ ਅਤਿ ਸੂਖਮ ਬਣਾ ਦਿੰਦਾ ਹੈ। ਗੁਰੂ ਦੀ ਬਖ਼ਸ਼ਸ਼ ਅਤੇ ਸ਼ਬਦ ਦੀ ਚੋਟ ਇਹ ਸਾਰੀਆਂ ਬਾਰੀਕ ਅਤੇ ਅਤਿ ਸੂਖਮ ਗੱਲਾਂ ਹਨ। ਸੂਖਮ ਰਾਮ ਪਿਆਰੇ ਨੂੰ ਦੇਖਣ ਲਈ ਤਾਂ ਸੂਖਮ ਹੀ ਬਣਨਾ ਪੈਣਾ ਹੈ। ਇਸ ਲਈ ਸਿੱਖੀ ਬਾਰੀਕ ਹੈ।

ਭਾਈ ਸਾਹਿਬ ਗੁਰਸਿਖ ਨੂੰ ਹੰਸ ਤੋਂ ਉਪਰ ਪਰਮਹੰਸ ਮੰਨਦੇ ਹੋਏ, ਇਸ ਬਿੰਬ ਦੀ ਵਰਤੋਂ ਰਾਹੀਂ ਇਹ ਦਸਣਾ ਚਾਹੁੰਦੇ ਹਨ ਕਿ ਗੁਰੂ ਕੇ ਸਿਖ ਦੀ ਬੁਧੀ ਇਤਨੀ ਸੂਖਮ ਹੋ ਜਾਂਦੀ ਹੈ ਕਿ ਉਹ ਸੱਚ ਅਤੇ ਕੂੜ ਦਾ ਸਹਜੇ ਹੀ ਨਿਖੇੜਾ ਕਰ ਸਕਦੀ ਹੈ। ਉਹ ਕੇਵਲ ਨਾਮ-ਰਤਨ ਹੀ ਆਪਣਾ ਜੀਵਨ ਅਧਾਰ ਬਣਾਂਦੇ ਹਨ :-

ਗੁਰਮੁਖਿ ਵੰਸੀ ਪਰਮਹੰਸ, ਖੀਰ ਨੀਰ ਨਿਰਨਉ ਚੁੰਜ ਵੀੜੀ॥
ਸਿਲਾ ਅਲੂਣੀ ਚਟਣੀ, ਮਾਣਕ ਮੋਤੀ ਚੋਗ ਨਿਵੜੀ॥

ਆਪਣੇ ਸਿਧਾਂਤ ਦੀ ਪ੍ਰੋੜ੍ਹਤਾ ਵਿਚ ਭਾਈ ਸਾਹਿਬ ਲਿਖਦੇ ਹਨ-

ਗੁਰਮੁਖ ਮਾਰਗ ਚਲਣਾ, ਆਸ ਨਿਰਾਸੀ, ਝੀੜ ਉਝੀੜੀ॥ (ਸੂਖਮ)
ਸਹਜਿ ਸਰੋਵਰਿ ਸਚਖੰਡ, ਸਾਧ ਸੰਗਤਿ ਸਚ ਤਖਤ ਹਰੀੜੀ॥

ਭਾਵ-ਗੁਰੂ ਸਾਹਿਬਾਨ ਦੇ ਦਰਸਾਏ ਹੋਏ ਮਾਰਗ, ਗੁਰਮਤਿ ਗਾਡੀ-ਰਾਹ ਉਤੇ ਚਲਣ ਵਾਲੇ ਗੁਰਸਿਖ ਨੂੰ ਹਰ ਤਰ੍ਹਾਂ ਆਸ-ਨਿਰਾਸ ਹੋ ਕੇ ਹੀ ਵਰਤਣਾ ਸ਼ੋਭਾ ਦਿੰਦਾ ਹੈ। ਧਰਮ ਦੇ ਇਤਿਹਾਸ ਤੇ ਪੜਚੋਲਵੀਂ ਝਾਤ ਮਾਰਿਆਂ, ਮਨੁਖ ਦੀ ਇਕ ਪ੍ਰਬਲ ਰੁਚੀ ਦੇ ਦਰਸ਼ਨ ਹੁੰਦੇ ਹਨ। ਇਹ ਰੁਚੀ ਇਤਨੀ ਸਰਬ-ਵਿਆਪੀ ਹੈ ਕਿ ਤਕਰੀਬਨ ਹਰ ਦੇਸ, ਹਰ ਜੁਗ, ਅਤੇ ਹਰ ਪ੍ਰਕਾਰ ਦੇ ਮਨੁਖੀ ਸਮਾਜ ਅੰਦਰ ਧਰਮ ਦਾ ਇਕ ਬਹੁਤ ਤਕੜਾ ਆਧਾਰ ਰਹੀ ਹੈ। ਮਨੁਖ ਅਣਦਿਸਦੇ ਰੱਬ ਦੀ, ਦੇਵੀ-ਦੇਵਤਿਆਂ ਦੀ, ਪੀਰ-ਫ਼ਕੀਰਾਂ ਦੀ, ਪਿੱਪਲ-ਜੰਡਾਂ ਦੀ, ਪੱਥਰ-ਘੋਗਿਆਂ ਦੀ ਆਰਾਧਨਾ ਕਿਸ ਲਈ ਕਰਦਾ ਆ ਰਿਹਾ ਹੈ? ਇਸ ਲਈ ਕਿ ਉਸਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਸਕਣ।

ਆਖ਼ਰ ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੂੰ ਇਹ ਸਪੱਸ਼ਟ ਰੂਪ ਵਿਚ ਕਿਉਂ ਕਹਿਣਾ ਪਿਆ ਕਿ "ਹੇ ਅਰਜਨ, ਤੂੰ ਬਿਨਾਂ ਫਲ ਦੀ ਕਾਮਨਾ ਕੀਤੇ ਕਰਮ ਕਰੀ ਚਲ?" ਇਸ ਦਾ ਉਤਰ ਇਹੋ ਹੈ ਕਿ ਭਗਤੀ ਮਾਰਗ ਤੇ ਚਲਣ ਵਾਲੇ ਮਨੁਖ ਦੀ ਅਰਾਧਨਾ ਦੀ ਸੇਧ ਹੀ ਗ਼ਲਤ ਹੈ। ਅਰਾਧਨਾ ਤਾਂ ਉਹ ਨਿਰੰਕਾਰ ਦੀ ਕਰਦਾ ਦਿਸਦਾ ਹੈ, ਜਾਂ ਕਿਸੇ ਸ਼ਾਹਕਾਰ ਦੇਵੀ ਦੇਵਤੇ ਦੀ, ਪਰ ਅਸਲ ਵਿਚ ਉਸਦਾ ਅੰਦਰਲਾ ਮਨ ਆਪਣੇ ਇਸ਼ਟ ਨਾਲ ਜੁੜਨ ਦੀ ਬਜਾਏ ਕਿਸੇ ਮਾਇਕ ਪਦਾਰਥ ਨਾਲ ਜੁੜਿਆ ਰਹਿੰਦਾ ਹੈ। ਸੁਖਣਾ ਸੁਖ ਲੈਣੀ, ਮੰਨਤਾਂ ਮੰਨ ਲੈਣੀਆਂ ਤੇ ਫਿਰ ਕਾਰਜ ਸਿੱਧ ਹੋ ਜਾਣ ਤੇ ਇਹਨਾਂ ਦੇ ਪੂਰਿਆਂ ਕਰਨ ਲਈ ਧਰਮ-ਅਸਥਾਨਾਂ, ਤੀਰਥ-ਅਸਥਾਨਾਂ ਜਾਂ ਕਬਰਾਂ ਆਦਿ ਦੀ ਯਾਤਰਾ ਕਰਨੀ, ਅੱਜ ਲਗ-ਭਗ ਸਾਰੇ ਧਰਮਾਂ ਦਾ ਇਕ ਅੰਗ ਬਣ ਗਿਆ ਲਗਦਾ ਹੈ।

ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਤਨੀ ਸਪੱਸ਼ਟ ਸੇਧ ਬਖਸ਼ੀ ਹੈ :-


www.AKJ.Org

ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥੨॥(੯)

ਅਥਵਾ–ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥੨॥(੯)

ਭਾਈ ਗੁਰਦਾਸ ਜੀ ਭੀ ਇਸੇ ਸਿਧਾਂਤ ਨੂੰ ਆਪਣੇ ਤਰਜ਼ੇ ਬਿਆਨ ਰਾਹੀਂ ਦਸ ਰਹੇ ਹਨ ਕਿ ਗੁਰਮੁਖ ਮਾਰਗ ਇਤਨਾ ਝੀੜ-ਉਝੀੜੀ, ਭਾਵ, ਸੂਖਮ ਹੈ ਕਿ ਇਸ ਵਿਚ ਕੇਵਲ ਇਕ ਅਕਾਲ ਪੁਰਖ ਦੇ ਦਰਸ਼ਨਾਂ ਦੀ ਆਸ (ਪਿਰ ਦੇਖਨ ਕੀ ਆਸ) ਤੋਂ ਛੁਟ ਹੋਰ ਕਿਸੇ ਕਿਸਮ ਦੀ ਆਸ ਤੋਂ ਨਿਰਾਸ ਹੋਣਾ ਪੈਂਦਾ ਹੈ। ਸਾਧ-ਗੁਰੂ ਅਤੇ ਉਸਦੀ ਪਵਿਤਰ ਸੰਗਤ ਕਰਨੀ ਸੱਚੇ ਹਰੀ ਦੇ ਸਚਖੰਡ ਦਾ ਅਨੰਦ ਮਾਣਨ ਦੇ ਤੁਲ ਹੈ । ਇਸ ਅਨੰਦ ਦਾ ਜੋ ਰਸ ਆਉਂਦਾ ਹੈ, ਉਹ ਭੀ ਇਤਨਾ ਸੂਖਮ ਅਤੇ ਬਾਰੀਕ ਹੁੰਦਾ ਹੈ ਕਿ ਜੇ ਕੋਈ ਦਸਣ ਦਾ ਜਤਨ ਭੀ ਕਰੇ ਤਾਂ ਉਹ ਗੁੰਗੇ ਦੇ ਗੁੜ ਖਾਣ ਵਾਂਗ ਕੇਵਲ ਇਸ਼ਾਰਿਆਂ ਨਾਲ, ਉਸ ਮਿਠਾਸ ਦਾ ਸੰਕੇਤ ਹੀ ਦੇ ਸਕਦਾ ਹੈ। ਉਸ ਅਗੰਮੀ ਰਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਕੇਵਲ ਉਹ ਹੀ ਗੁਰਮੁਖ ਜਨ, ਜੋ ਇਸ ਖੰਡੇਧਾਰ ਮਾਰਗ ਤੇ ਚਲਦੇ ਹਨ, ਹਰਿ ਰਸ ਦੇ ਸੁਆਦ ਵਿਚ ਲਿਵਲੀਨ ਹੁੰਦੇ ਹਨ । ਇਸ ਫਲ ਨੂੰ ਭਾਈ ਸਾਹਿਬ ਸੁਖ ਸਹਜ ਦਾ ਨਾਮ ਦਿੰਦੇ ਹਨ।

ਭਾਈ ਗੁਰਦਾਸ ਜੀ ਦੀ ਉਪਰੋਕਤ ਪਉੜੀ ਨਾਲ ਇਕ ਬੁਝਾਰਤ ਖੁਲ੍ਹਦੀ ਜਾਪਦੀ ਹੈ, ਜੋ ਸ੍ਰੀ ਗੁਰੂ ਰਾਮਦਾਸ ਜੀ ਨੇ ਹੇਠ ਲਿਖੀ ਪਉੜੀ ਵਿਚ ਪਾਈ ਹੈ–

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿਨਾਮਾ ਹਰਿ ਮੁਖ ਕਹਤਿਆ ॥
ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥
ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥
ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ, ਮਨੁ ਜਿਣਤਿਆ ॥
ਸਭਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥੧੮॥

(ਸੋਰਠ ਕੀ ਵਾਰ ਮ: ੪, ਪੰਨਾ ੬੪੯)

ਸਤਿਗੁਰੂ ਸੱਚੇ ਪਾਤਸ਼ਾਹ ਹਰਿ ਨਾਮ ਜਪਣ ਤੇ ਸੁਣਨ ਵਾਲੇ, ਕੀਰਤਨ ਵਿਚ ਜੁਟਣ ਵਾਲੇ ਅਤੇ ਗੁਰ-ਉਪਦੇਸ਼ ਨੂੰ ਕਮਾਉਣ ਵਾਲੇ ਭਗਤ ਜਨਾਂ, ਸੰਤ ਜਨਾਂ, ਸਾਧ ਜਨਾਂ, ਅਤੇ ਗੁਰਮੁਖ ਜਨਾਂ ਨੂੰ ਧੰਨ ਧੰਨ ਤੇ ਵਡੇ ਭਾਗਾਂ ਵਾਲੇ ਆਖ ਕੇ ਸਲਾਹੁੰਦੇ ਹਨ। ਪਰ ਸਭਦੂ ਵਡੇ ਭਾਗ ਉਹਨਾਂ ਗੁਰਸਿਖਾਂ ਦੇ ਆਪ ਇਸ ਲਈ ਮੰਨਦੇ ਹਨ, ਕਿ ਗੁਰੂ ਕੇ ਸਿਖ "ਗੁਰਸਿਖੀ ਬਾਰੀਕ ਹੈ" ਦੀ ਰਮਜ਼ ਨੂੰ ਸਮਝ ਕੇ ਗੁਰੂ ਪਾਤਿਸ਼ਾਹ ਦੇ ਹੁਕਮਾਂ ਨੂੰ ਮੰਨਦੇ ਹੋਏ ਸਦਾ ਆਪਣੇ ਗੁਰਦੇਵ ਸਤਿਗੁਰੂ ਜੀ ਦੀ ਚਰਨ-ਸ਼ਰਨ ਵਿਚ, ਹਜ਼ੂਰੀ ਵਿਚ ਨਿਰਮਾਣ ਵਿਚਰਦੇ ਹੋਏ ਨਾਮ ਜਪਦੇ ਹਨ, ਵਿਚਾਰਦੇ ਹਨ, ਅਤੇ ਧਰਮ ਦੀ ਕਿਰਤ-ਕਾਰ ਕਰ ਕੇ ਵੰਡ ਛਕਦੇ ਹਨ। ਉਹ ਆਪਣੇ ਗੁਰਦੇਵ ਪ੍ਰੀਤਮ ਨੂੰ ਸਦਾ ਆਪਣੇ ਅੰਗ ਸੰਗ ਦੇਖਦੇ ਹਨ ਅਤੇ ਸਦਾ ਉਸਦੇ ਹੁਕਮੀ ਬੰਦੇ ਥੀਂਦੇ ਹਨ–

ਏ ਮਨ ਮਤ ਜਾਣਹਿ ਹਰਿ ਦੂਰਿ ਹੈ, ਸਦਾ ਵੇਖੁ ਹਦੂਰਿ ॥
ਸਦ ਸੁਣਦਾ, ਸਦ ਵੇਖਦਾ, ਸਬਦਿ ਰਹਿਆ ਭਰਪੂਰਿ ॥੧॥ਰਹਾਉ॥

(ਆਸਾ ਮ: ੩, ਪੰਨਾ ੪੨੯)

---

**ਪਾਠਕ ਜੀ--** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ; ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।

www.AKJ.Org

# ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ

ਕਿਸੇ ਦੇ ਦਰ ਤੇ ਮੰਗਣ ਜਾਈਏ ਤਾਂ ਬੜੇ ਆਜਿਜ਼ ਤੇ ਨਿਰਮਾਣ ਹੋ ਕੇ ਜਾਈਦਾ ਹੈ। ਉਥੇ ਸਜ ਧਜ ਕੇ ਜਾਣਾ ਸੋਭਦਾ ਨਹੀਂ ਅਤੇ ਨਾ ਹੀ ਉਥੇ ਕਿਸੇ ਦੀ ਹੈਂਕੜ ਕੰਮ ਆਉਂਦੀ ਹੈ। ਮਾਂਗਤ ਕੀ ਅਤੇ ਹੈਂਕੜ ਕੀ ? ਕੁਝ ਪ੍ਰਾਪਤ ਕਰਨ ਲਈ ਗਰੀਬੀ ਹੀ ਧਾਰਨੀ ਪੈਂਦੀ ਹੈ।

ਅਸੀਂ ਸਾਰੇ ਗੁਰੂ-ਦਰ ਦੇ ਮੰਗਤੇ ਹਾਂ। ਅਸੀਂ ਇਸ ਦਰ ਤੇ ਲੋਕ-ਪਰਲੋਕ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੰਗਤੇ ਬਣ ਕੇ ਆਉਣਾ ਹੈ। ਗੁਰੂ-ਦਰ ਤੇ ਜੇ ਅਸੀਂ ਗਰੀਬ, ਆਜਿਜ਼ ਨਿਰਮਾਣ ਬਣ ਕੇ ਆਵਾਂਗੇ ਤਾਂ ਹੀ ਸਤਿਗੁਰੂ ਸਾਡੀ ਪੁਕਾਰ ਸੁਣਨਗੇ। ਹੈਂਕੜਬਾਜ਼ਾਂ ਤੇ ਹੰਕਾਰੀਆਂ ਦੀ ਇਸ ਦਰ ਤੇ ਕੋਈ ਥਾਂ ਨਹੀਂ। ਜਦੋਂ ਅਸੀਂ ਆਪਣੀਆਂ ਟੋਹਰਾਂ ਕਢ ਕੇ, ਹਾਰ ਸ਼ਿੰਗਾਰ ਲਾ ਕੇ, ਕਈ ਤਰ੍ਹਾਂ ਦੇ ਵੇਸ ਧਾਰ ਕੇ, ਗੁਰੂ-ਦਰਬਾਰ ਵਿਚ ਆਪਣਾ ਰੂਪ ਰੰਗ ਦਿਖਾਣ ਆਉਂਦੇ ਹਾਂ ਤਾਂ ਕੀ ਅਸੀਂ ਗੁਰੂ ਪਾਤਸ਼ਾਹ ਦੀ ਖੁਸ਼ੀ ਦੇ ਪਾਤਰ ਬਣ ਸਕਦੇ ਹਾਂ। ਕਈ ਭੁਲੜ ਵੀਰ ਨਸ਼ੇ ਪਾਨ ਕਰ ਕੇ ਵੀ ਪਵਿਤਰ ਦਰਬਾਰ ਵਿਖੇ ਜਾਣ ਤੋਂ ਸੰਕੋਚ ਤੇ ਸ਼ਰਮ ਨਹੀਂ ਕਰਦੇ।

ਗੁਰੂ-ਦਰਬਾਰ, ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਕੋਈ ਮੌਜ-ਮੇਲਾ ਮਨਾਉਣ ਵਾਲੀ ਸਾਧਾਰਨ ਥਾਂ ਨਹੀਂ ਤੇ ਨਾ ਹੀ ਇਹ ਕੋਈ ਸੈਰਗਾਹ ਹੈ, ਸਗੋਂ ਇਹ ਆਤਮ-ਅਨੰਦੀ ਪਵਿਤਰ ਅਸਥਾਨ ਹੈ, ਜਿਥੇ ਡਾਵਾਂ-ਡੋਲ ਤੇ ਉਦਾਸੇ ਹੋਏ ਪ੍ਰਾਣੀ ਵੀ ਭੈ-ਭਾਵਨੀ ਸਹਿਤ ਹਾਜ਼ਰੀਆਂ ਭਰ ਕੇ ਆਤਮ-ਖੇੜਾ ਅਤੇ ਚੜ੍ਹਦੀਆਂ ਕਲਾਂ ਦਾ ਅਨੰਦ ਪ੍ਰਾਪਤ ਕਰਦੇ ਹਨ।

ਪ੍ਰੋ: ਪੂਰਨ ਸਿੰਘ ਜੀ "ਸ੍ਰੀ ਹਰਿਮੰਦਰ ਯਾਤਰਾ" ਲੇਖ ਵਿਖੇ ਆਪਣੇ ਵਲਵਲੇ ਦਸਦਿਆਂ ਬਿਆਨ ਕਰਦੇ ਹਨ—

> "ਇਕ ਇਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾ ਨਹੀਂ, ਸੰਗਮਰਮਰ ਨਹੀਂ, ਇਹ ਈਸ਼ਵਰੀ ਦਰਬਾਰ ਦੇ ਅੱਡ ਅੱਡ ਸਿੰਘਾਸਨ ਹਨ, ਜਿਥੇ ਰਸੀਏ, ਪਹੁੰਚੇ ਹੋਏ ਫ਼ਕੀਰ, ਪੀਰ, ਮੀਰ, ਸਰੀਰਾਂ ਨੂੰ ਧਿਆਨ-ਲੀਨ ਕਰੀ ਬੈਠੇ ਹਨ।...ਹੇ ਜਾਣ ਵਾਲੇ ਅਣਜਾਣ ! ਹੇ ਵਹਿਸ਼ੀ ! ਹੇ ਨੈਣ-ਜੋਤ ਥੀਂ, ਹੀਣ ਮਨੁੱਖ ! ਭਾਵੇਂ ਤੂੰ ਕੋਈ ਹੋਵੇਂ, ਇਥੇ ਸਿਰ ਦੇ ਬਲ ਚੱਲ, ਇਹ ਪੀਰਾਂ ਪੈਗੰਬਰਾਂ ਦੇ ਅਦਬ ਦਾ ਸਥਾਨ ਹੈ, ਕੁਲ ਦੁਨੀਆ ਵਿਚ ਬਸ ਇਕ ਹੈ। ..ਇਥੇ ਅਨੰਤ ਅਦਬ ਨਾਲ ਸਿਰ ਝੁਕਾ, ਮੱਥਾ ਟੇਕ, ਨਹੀਂ ਤਾਂ ਮਰ ਜਾਏਂਗਾ।"

ਇਲਾਹੀ ਰੰਗ ਵਿਚ ਰੰਗੀਜੇ ਨੈਣਾਂ ਵਾਲਿਆਂ ਨੂੰ ਇਹ ਸ੍ਰੀ ਹਰਿਮੰਦਰ ਸਚਖੰਡ ਨਜ਼ਰੀ ਆਉਂਦਾ ਹੈ ਅਤੇ ਉਹ ਇਥੇ ਸਚਖੰਡੀ ਹੁਲਾਰੇ ਪ੍ਰਾਪਤ ਕਰਦੇ ਹਨ। ਪਰ ਇਲਾਹੀ ਜੋਤਿ ਤੋਂ ਸਖਣੇ ਨੇਤਰ-ਹੀਣ ਪ੍ਰਾਣੀ–ਚੁਲਬੁਲੇ ਲਿਬਾਸ ਪਹਿਨ ਕੇ ਅਧ-ਕੁਜੇ ਤੇ ਭੜਕੀਲੇ ਬਸਤਰ ਪਹਿਰ ਕੇ ਅਤੇ ਕਈ ਤਰ੍ਹਾਂ ਦੇ ਸ਼ਿੰਗਾਰ ਲਗਾ ਕੇ-ਸ੍ਰੀ ਦਰਬਾਰ ਸਾਹਿਬ ਕੀ ਲੈਣ ਆਉਂਦੇ ਹਨ ? "ਗਰੀਬੀ ਗਦਾ ਹਮਾਰੀ" ਫ਼ੁਰਮਾਉਣ ਵਾਲੇ ਸਤਿਗੁਰੂ ਤੋਂ ਬਖ਼ਸ਼ਸ਼ਾਂ ਲੈਣ ਲਈ ਗਰੀਬੀ ਵੇਸ ਹੀ ਪਰਵਾਨ ਹੋ ਸਕਦਾ ਹੈ।

ਮਦਰਾਸ ਏਰੀਏ ਵਿਚ ਇਕ ਗਿਰਜੇ ਦੇ ਬਾਹਰ ਬੋਰਡ ਲਗਾ ਹੋਇਆ ਹੈ ਕਿ ਗਿਰਜੇ ਅੰਦਰ ਪ੍ਰਾਰਥਨਾ ਵਿਚ ਸ਼ਾਮਲ ਹੋਣ ਵਾਲੇ ਮਾਈ ਭਾਈ ਸਾਦੇ ਵੇਸ ਵਿਚ ਆਓ, ਹੱਥਾਂ ਪੈਰਾਂ ਤੇ ਮੂੰਹ ਤੋਂ ਬਿਨਾਂ ਸਾਰੇ ਅੰਗ ਕਜੇ ਹੋਏ ਹੋਣ, ਅੱਧ-ਨੰਗੀਆਂ ਬਾਹਾਂ ਜਾਂ ਅੱਧ-ਨੰਗੀਆਂ ਲੱਤਾਂ ਜਾਂ ਪੂਰਾ ਗਲਾ ਕਜੇ ਹੋਏ ਹੋਣ ਤੋਂ ਬਿਨਾਂ ਅੰਦਰ ਜਾਣਾ ਮਨ੍ਹਾ ਹੈ। ਈਸਾ ਮਸੀਹ ਅਥਵਾ ਪ੍ਰਭੂ-ਪ੍ਰਮਾਤਮਾ ਅਗੇ ਬੇਨਤੀ ਕਰਨ ਲਈ ਇਨ੍ਹਾਂ ਪਾਦਰੀਆਂ ਨੇ ਕਿੰਨੀ ਸਾਦਗੀ ਤੇ ਸੰਜਮ ਤੋਂ ਕੰਮ ਲਿਆ ਹੈ। ਐਸੇ ਸਾਦਾ ਲਿਬਾਸ ਵਿਚ ਕਿਵੇਂ, ਕੋਈ ਮੰਦਾ ਖ਼ਿਆਲ ਕਿਸੇ ਦੇ ਅੰਦਰ ਆ ਸਕਦਾ ਹੈ ?



www.AKJ.Org

# ਗੁਰਮਤਿ ਬਾਲ-ਪ੍ਰੀਖਿਆ (ਜ਼ਬਾਨੀ)

ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟ੍ਰਸਟ ਅੰਮ੍ਰਿਤਸਰ ਵਲੋਂ ਪਿਛੇ ਜਿਹੇ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਤਰਨ ਤਾਰਨ ਸਾਹਿਬ ਵਿਖੇ ਬੱਚਿਆਂ ਨੂੰ ਗੁਰਮਤਿ, ਗੁਰਬਾਣੀ ਤੇ ਗੁਰ-ਇਤਿਹਾਸ ਨਾਲ ਸਾਂਝ ਪੈਦਾ ਕਰਨ ਲਈ ਹੇਠ ਲਿਖੇ ਪ੍ਰਸ਼ਨ ਪੁਛ ਕੇ ਸਨਮਾਨਤ ਕੀਤਾ ਗਿਆ । ਸਿਖ ਬਾਲ-ਫੁਲਵਾੜੀ ਨੂੰ ਸਿੱਖੀ ਵਿਰਸੇ ਨਾਲ ਜੋੜਨ ਲਈ ਹੋਰ ਸ਼ਹਿਰਾਂ ਤੇ ਪਿੰਡਾਂ ਵਿਚ ਵੀ ਇਸੇ ਤਰ੍ਹਾਂ ਦੇ ਉਦਮ ਕਰਨ ਲਈ ਉਹ ਪ੍ਰਸ਼ਨ-ਪੱਤਰ ਉਤਰਾਂ ਸਹਿਤ ਦੇ ਰਹੇ ਹਾਂ ।

—ਸੰਪਾਦਕ

1. ਪ੍ਰਸ਼ਨ :–'ਸ੍ਰੀ ਜਪੁ ਜੀ ਸਾਹਿਬ' ਸਿਰਲੇਖ ਦਾ ਕੀ ਭਾਵ ਹੈ ?
ਉਤਰ :–(ੳ) ਬਾਣੀ ਦਾ ਨਾਂ 'ਜਪੁ' ਹੈ। ਨਾਲ ਆਏ ਸ਼ਬਦ 'ਸ੍ਰੀ' 'ਜੀ' ਅਤੇ 'ਸਾਹਿਬ' ਸਤਿਕਾਰ-ਬੋਧਕ ਹਨ। (ਅ) 'ਜਪੁ' ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਰੰਭਕ ਬਾਣੀ ਹੈ।
2. ਪ੍ਰਸ਼ਨ :–ਸ੍ਰੀ ਜਪੁ ਜੀ ਸਾਹਿਬ ਕਿਹੜੇ ਸਤਿਗੁਰੂ ਜੀ ਦੀ ਰਚਨਾ ਹੈ ?
ਉਤਰ :–ਸ੍ਰੀ ਜਪੁਜੀ ਸਾਹਿਬ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ।
3. ਪ੍ਰਸ਼ਨ :–ਸ੍ਰੀ ਜਪੁ ਜੀ ਸਾਹਿਬ ਦੀ ਬਣਤਰ ਬਾਰੇ ਦਸੋ।
ਉਤਰ :-(ੳ) ਬਾਣੀ ਦੇ ਉਤੇ ਮੂਲ-ਮੰਤਰ ਹੈ। (ਅ) ਬਾਣੀ ਦੇ ਅਰੰਭ ਵਿਚ ਅਤੇ ਅੰਤ ਵਿਚ ਇਕ ਇਕ ਸਲੋਕ ਹੈ, ਵਿਚਕਾਰ ੩੮ ਪਉੜੀਆਂ ਹਨ।
4. ਪ੍ਰਸ਼ਨ :– ਮੂਲ-ਮੰਤਰ ਕੀ ਹੈ ?
ਉਤਰ :–"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ"।
5. ਪ੍ਰਸ਼ਨ :–ਸਚਿਆਰ ਕਿਵੇਂ ਹੋਵੀਏ ਅਤੇ ਕੂੜ ਦੀ ਕੰਧ ਕਿਵੇਂ ਟੁੱਟੇ ?
ਉਤਰ :–ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥
6. ਪ੍ਰਸ਼ਨ :–ਅਕਾਲਪੁਰਖ ਅਗੇ ਕੀ ਭੇਟਾ ਰਖੀਏ, ਅਥਵਾ, ਮੁਖ ਨਿਸ਼ਾਨਾ ਕੀ ਰਖੀਏ, ਮੂੰਹ ਨਾਲ ਬੋਲ ਕਿਹੜਾ ਬੋਲੀਏ, ਜਿਸ ਕਰਕੇ ਉਹ ਸਾਨੂੰ ਪਿਆਰ ਕਰੇ ?
ਉਤਰ :–ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥੪॥
7. ਪ੍ਰਸ਼ਨ :–ਸ੍ਰੀ ਜਪੁਜੀ ਸਾਹਿਬ ਦੀ ਸੋਲ੍ਹਵੀਂ ਪਉੜੀ ਵਿਚ ਆਏ 'ਪੰਚ' ਸ਼ਬਦ ਤੋਂ ਕੀ ਭਾਵ ਹੈ ?
ਉਤਰ :–'ਪੰਚ' ਸ਼ਬਦ ਦਾ ਅਰਥ ਹੈ 'ਸ੍ਰੇਸ਼ਟ'। ਪੰਚ ਤੋਂ ਭਾਵ ਹੈ ਸ੍ਰੇਸ਼ਟ ਪੁਰਖ, ਜਿਨ੍ਹਾਂ ਦੀ ਸੁਰਤੀ ਦਾ ਕੇਂਦਰ ਕੇਵਲ ਗੁਰੂ ਹੈ ਅਤੇ ਜੋ ਨਾਮ ਨੂੰ ਸੁਣਦੇ ਅਤੇ ਮੰਨਦੇ ਹਨ।
8. ਪ੍ਰਸ਼ਨ :–ਅਕਾਲ ਪੁਰਖ ਸਰਬ-ਵਿਆਪਕ ਹੈ। ਪਰ ਸ੍ਰੀ ਜਪੁਜੀ ਸਾਹਿਬ ਵਿਚ ਉਸ ਦੇ ਨਿਵਾਸ ਦਾ ਸ੍ਰੇਸ਼ਟ ਟਿਕਾਣਾ ਦਸਿਆ ਹੋਇਆ ਹੈ। ਉਹ ਕਿਹੜਾ ਟਿਕਾਣਾ ਹੈ ?
ਉਤਰ :–ਸਚ ਖੰਡਿ ਵਸੈ ਨਿਰੰਕਾਰੁ ॥੩੭॥
9. ਪ੍ਰਸ਼ਨ :–ਜਪੁ ਜੀ ਵਿਚ ਦਸੀ ਉਹ ਕਿਹੜੀ ਦਾਤਿ ਹੈ ਜਿਸ ਨਾਲ ਮਨੁੱਖ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਂਦਾ ਹੈ ?
ਉਤਰ :–ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥
10 ਪ੍ਰਸ਼ਨ :–ਕੀ ਤੁਸੀਂ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਨਿਤ ਨੇਮ ਨਾਲ ਕਰਦੇ ਹੋ ?
ਉਤਰ :–ਇਹ ਪ੍ਰਸ਼ਨ ਪੁਛਿਆ ਜਾਣਾ ਚਾਹੀਦਾ ਹੈ ਅਤੇ ਇਸ ਦੇ ਵਿਸ਼ੇਸ਼ ਨੰਬਰ ਰਖੇ ਜਾਣ।
11. ਪ੍ਰਸ਼ਨ–ਦਸਾਂ ਪਾਤਸ਼ਾਹੀਆਂ ਦੇ ਪਵਿਤਰ ਨਾਂ ਦਸੋ।
ਉਤਰ :–ਦਸਾਂ ਪਾਤਸ਼ਾਹੀਆਂ ਦੇ ਪਵਿਤ ਨਾਂ ਹਨ–(1) ਸ੍ਰੀ ਗੁਰੂ ਨਾਨਕ ਦੇਵ ਜੀ। (2) ਸ੍ਰੀ ਗੁਰੂ ਅੰਗਦ ਦੇਵ ਜੀ। (3) ਸ੍ਰੀ ਗੁਰੂ ਅਮਰਦਾਸ ਜੀ। (4) ਸ੍ਰੀ ਗੁਰੂ ਰਾਮਦਾਸ ਜੀ। (5) ਸ੍ਰੀ ਗੁਰੂ ਅਰਜਨ ਦੇਵ ਜੀ।



www.AKJ.Org

(6) ਸ੍ਰੀ ਗੁਰੂ ਹਰਿਗੋਬਿੰਦ ਜੀ। (7) ਸ੍ਰੀ ਗੁਰੂ ਹਰਿ ਰਾਇ ਜੀ। (8) ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ। (9) ਸ੍ਰੀ ਗੁਰੂ ਤੇਗ ਬਹਾਦਰ ਜੀ। (10) ਸ੍ਰੀ ਗੁਰੂ ਗੋਬਿੰਦ ਸਿੰਘ ਜੀ।

12. ਪ੍ਰਸ਼ਨ :–ਐਸ ਵੇਲੇ ਗੁਰੂ ਗੱਦੀ ਤੇ ਕਿਹੜੇ ਸਤਿਗੁਰੂ ਜੀ ਬਿਰਾਜਮਾਨ ਹਨ ?

ਉੱਤਰ :–ਐਸ ਵੇਲੇ ਦਸਾਂ ਸਤਿਗੁਰਾਂ ਦੇ ਪ੍ਰਤੱਖ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਗੁਰ-ਗੱਦੀ ਤੇ ਬਿਰਾਜਮਾਨ ਹਨ।

13. ਪ੍ਰਸ਼ਨ :–ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹੜੇ ਕਿਹੜੇ ਸਤਿਗੁਰੂ ਜੀ ਦੀ ਬਾਣੀ ਦਰਜ ਹੈ ?

ਉੱਤਰ ;–ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਹੇਠ ਲਿਖੇ ਸਤਿਗੁਰਾਂ ਦੀ ਬਾਣੀ ਦਰਜ ਹੈ :–ਮਹਲਾ ੧ (ਪਹਿਲਾ) [ਸ੍ਰੀ ਗੁਰੂ ਨਾਨਕ ਦੇਵ ਜੀ]। ਮਹਲਾ ੨ (ਦੂਜਾ) [ਸ੍ਰੀ ਗੁਰੂ ਅੰਗਦ ਦੇਵ ਜੀ]। ਮਹਲਾ ੩ (ਤੀਜਾ) [ਸ੍ਰੀ ਗੁਰੂ ਅਮਰਦਾਸ ਜੀ]। ਮਹਲਾ ੪ (ਚੌਥਾ) [ਸ੍ਰੀ ਗੁਰੂ ਰਾਮ ਦਾਸ ਜੀ]। ਮਹਲਾ ੫ (ਪੰਜਵਾਂ) [ਸ੍ਰੀ ਗੁਰੂ ਅਰਜਨ ਦੇਵ ਜੀ]। ਮਹਲਾ ੯ (ਨਾਵਾਂ) [ਸ੍ਰੀ ਗੁਰੂ ਤੇਗ ਬਹਾਦਰ ਜੀ]।

14. ਪ੍ਰਸ਼ਨ :–ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ 15 ਭਗਤਾਂ ਅਤੇ 11 ਭੱਟਾਂ ਦੀ ਬਾਣੀ ਦਰਜ ਹੈ, ਉਹਨਾਂ ਵਿਚੋਂ ਕੋਈ ਪੰਜ ਪੰਜ ਨਾਂ ਦਸੋ।

ਉੱਤਰ :–ਭਗਤਾਂ ਦੇ ਨਾਂ–1. ਸ੍ਰੀ ਕਬੀਰ ਜੀ। 2. ਸ੍ਰੀ ਨਾਮਦੇਵ ਜੀ। 3. ਸ੍ਰੀ ਰਵਿਦਾਸ ਜੀ। 4. ਸ੍ਰੀ ਤ੍ਰਿਲੋਚਨ ਜੀ। 5. ਸ਼ੇਖ ਫ਼ਰੀਦ ਜੀ।

ਭੱਟਾਂ ਦੇ ਨਾਂ–1. ਸ੍ਰੀ ਕਲ੍ਯ ਜੀ । 2. ਸ੍ਰੀ ਕੀਰਤ ਜੀ। 3. ਸ੍ਰੀ ਭਿਖਾ ਜੀ। 4. ਸ੍ਰੀ ਮਥੁਰਾ ਜੀ 5. ਸ੍ਰੀ ਹਰਬੰਸ ਜੀ।

15. ਪ੍ਰਸ਼ਨ :–ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਕਿਹੜੇ ਸਤਿਗੁਰੂ ਜੀ ਨੇ ਤਿਆਰ ਕਰਵਾਈ ਸੀ ?

ਉੱਤਰ :–ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰਵਾਈ ਸੀ ?

16. ਪ੍ਰਸ਼ਨ :–ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਿਸ ਪਾਸੋਂ ਲਿਖਵਾਈ ਗਈ ਸੀ ?

ਉਤਰ :–ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਗਈ ਸੀ।

17. ਪ੍ਰਸ਼ਨ :–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗਦੀ ਕਿਥੇ ਅਤੇ ਕਦੋਂ ਦਿਤੀ ਗਈ ਸੀ ?

ਉਤਰ ;–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗਦੀ ਸ੍ਰੀ ਹਜ਼ੂਰ ਸਾਹਿਬ, ਨਾਦੇੜ (ਮਹਾਰਾਸ਼ਟਰ) ਵਿਖੇ ਸੰਨ ੧੭੦੮ ਈਸਵੀ ਵਿਚ ਦਿਤੀ ਗਈ ਸੀ।

18. ਪ੍ਰਸ਼ਨ :–ਨਿਤਨੇਮ ਦੀਆਂ ਬਾਣੀਆਂ ਦਸੋ।

ਉਤਰ :–ਅੰਮ੍ਰਿਤ ਵੇਲੇ ਦੀਆਂ ਬਾਣੀਆਂ—ਸ੍ਰੀ ਜਪੁਜੀ ਸਾਹਿਬ, ਸ੍ਰੀ ਜਾਪੁ ਸਾਹਿਬ, ਸਵੱਯੇ (ਸ੍ਰਾਵਗ ਸੁਧ...), ਬੇਨਤੀ ਚੌਪਈ, ਸ੍ਰੀ ਅਨੰਦ ਸਾਹਿਬ (ਪੂਰਾ)।

ਸ਼ਾਮ ਦੀ : ਸੋਦਰੁ ਰਹਿਰਾਸ ਸਾਹਿਬ। ਸੌਣ ਵੇਲੇ ਦੀ–ਕੀਰਤਨ ਸੋਹਿਲਾ।

19. ਪ੍ਰਸ਼ਨ :–ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਦੇ ਸ਼ੁਭ ਨਾਂ ਦਸੋ।

ਉਤਰ :–ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ ਦਾ ਨਾਂ ਸ੍ਰੀ ਤ੍ਰਿਪਤਾ ਜੀ ਅਤੇ ਪਿਤਾ ਜੀ ਦਾ ਨਾਂ ਮਹਿਤਾ ਕਲਿਆਨ ਦਾਸ ਜੀ ਸੀ, ਜਿਨ੍ਹਾਂ ਨੂੰ ਪਿਆਰ ਨਾਲ ਮਹਿਤਾ ਕਾਲੂ ਜੀ ਕਿਹਾ ਜਾਂਦਾ ਹੈ।

20. ਪ੍ਰਸ਼ਨ :–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਪਿਤਾ ਦੇ ਸ਼ੁਭ ਨਾਂ ਦਸੋ।

ਉਤਰ :–ਮਾਤਾ—ਸ੍ਰੀ ਗੁਜਰੀ ਜੀ, ਪਿਤਾ–ਸ੍ਰੀ ਗੁਰੂ ਤੇਗ ਬਹਾਦਰ ਜੀ।

21. ਪ੍ਰਸ਼ਨ :–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਹੁੰਆਂ ਸਾਹਿਬਜ਼ਾਦਿਆਂ ਦੇ ਨਾਂ ਦਸੋ।

ਉਤਰ :–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਹੁੰਆਂ ਸਾਹਿਬਜ਼ਾਦਿਆਂ ਦੇ ਨਾਂ–(1) ਬਾਬਾ ਅਜੀਤ ਸਿੰਘ ਜੀ। (2) ਬਾਬਾ ਜੁਝਾਰ ਸਿੰਘ ਜੀ। (3) ਬਾਬਾ ਜ਼ੋਰਾਵਰ ਸਿੰਘ ਜੀ। (4) ਬਾਬਾ ਫ਼ਤਿਹ ਸਿੰਘ ਜੀ।

22. ਪ੍ਰਸ਼ਨ :–ਪੰਜਾਂ ਪਿਆਰਿਆਂ ਦੇ ਸ਼ੁਭ ਨਾਂ ਦਸੋ।



www.AKJ.Org

ਉਤਰ :–ਪੰਜਾਂ ਪਿਆਰਿਆਂ ਦੇ ਨਾਂ-(੧) ਭਾਈ ਦਇਆ ਸਿੰਘ ਜੀ। (2) ਭਾਈ ਧਰਮ ਸਿੰਘ ਜੀ। (3) ਭਾਈ ਹਿੰਮਤ ਸਿੰਘ ਜੀ। (4) ਭਾਈ ਮੁਹਕਮ ਸਿੰਘ ਜੀ। (5) ਭਾਈ ਸਾਹਿਬ ਸਿੰਘ ਜੀ।

23. ਪ੍ਰਸ਼ਨ :–ਪੰਜਾਂ ਤਖ਼ਤਾਂ ਦੇ ਸ਼ੁਭ ਨਾਂ ਦਸੋ।

ਉਤਰ :–ਪੰਜਾਂ ਤਖ਼ਤਾਂ ਦੇ ਨਾਂ–1. ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ (ਪੰਜਾਬ)। 2. ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ (ਪੰਜਾਬ)। 3. ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਪੰਜਾਬ)। 4. ਸ੍ਰੀ ਹਰਿਮੰਦਰ ਸਾਹਿਬ,ਪਟਨਾ ਸਾਹਿਬ (ਬਿਹਾਰ)। 5. ਸ੍ਰੀ ਹਜ਼ੂਰ ਸਾਹਿਬ, ਨਾਦੇੜ(ਮਹਾਰਾਸ਼ਟਰ)

24. ਪ੍ਰਸ਼ਨ :–ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪਿਛੋਂ ਉਨ੍ਹਾਂ ਦੇ ਧੜ ਤੇ ਸੀਸ ਦਾ ਸਸਕਾਰ ਕਿਥੇ ਹੋਇਆ ?

ਉਤਰ :–ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਦਿਲੀ ਵਿਚ ਹੋਇਆ, ਜਿਸ ਦੀ ਯਾਦ ਵਿਚ ਗੁਰਦਵਾਰਾ ਸ੍ਰੀ ਰਕਾਬ ਗੰਜ ਸਾਹਿਬ ਹੈ ਅਤੇ ਸੀਸ ਦਾ ਸਸਕਾਰ ਸ੍ਰੀ ਅਨੰਦਪੁਰ ਸਾਹਿਬ ਵਿਚ ਹੋਇਆ, ਜਿਸ ਦੀ ਯਾਦ ਵਿਚ ਗੁਰਦਵਾਰਾ ਸੀਸ ਗੰਜ (ਅਨੰਦਪੁਰ ਸਾਹਿਬ) ਹੈ।

25. ਪ੍ਰਸ਼ਨ :–'ਸ਼ਹੀਦ' ਕਿਸਨੂੰ ਆਖਦੇ ਹਨ ?

ਉਤਰ :–ਜੋ ਧਰਮ ਦੀ ਖ਼ਾਤਰ ਆਪਣਾ ਤਨ, ਮਨ, ਧਨ ਕੁਰਬਾਨ ਕਰ ਦੇਵੇ।

26. ਪ੍ਰਸ਼ਨ :–ਸਿਖ ਇਤਿਹਾਸ ਵਿਚੋਂ ਕੁਝ ਕੁ ਸ਼ਹੀਦਾਂ ਦੇ ਸ਼ੁਭ ਨਾਂ ਦਸੋ।

ਉਤਰ :–ਸਿਖ ਇਤਿਹਾਸ ਵਿਚੋਂ ਕੁਝ ਸ਼ਹੀਦਾਂ ਦੇ ਨਾਂ–ਸ੍ਰੀ ਗੁਰੂ ਅਰਜਨ ਦੇਵ ਜੀ। ਸ੍ਰੀ ਗੁਰੂ ਤੇਗ ਬਹਾਦਰ ਜੀ। ਚਾਰ ਸਾਹਿਬਜ਼ਾਦੇ (ਨਾਵਾਂ ਲਈ ਦੇਖੋ ਪ੍ਰਸ਼ਨ ਨੰ: 21)। ਬਾਬਾ ਦੀਪ ਸਿੰਘ ਜੀ। ਭਾਈ ਮਨੀ ਸਿੰਘ ਜੀ। ਭਾਈ ਤਾਰੂ ਸਿੰਘ ਜੀ। ਭਾਈ ਤਾਰਾ ਸਿੰਘ ਜੀ 'ਵਾਂ'। ਭਾਈ ਮਤੀ ਦਾਸ ਜੀ। ਭਾਈ ਦਇਆਲਾ ਜੀ।

27. ਪ੍ਰਸ਼ਨ :–ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕਿਥੇ ਹੋਇਆ ਤੇ ਕਦੋਂ ?

ਉਤਰ :–ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਰਾਇ ਭੋਇੰ ਦੀ ਤਲਵੰਡੀ (ਜੋ ਸ੍ਰੀ ਨਨਕਾਣਾ ਸਾਹਿਬ ਕਰਕੇ ਪ੍ਰਸਿਧ ਹੈ) ਵਿਚ ਸੰਨ 1469 ਈਸਵੀ ਵਿਚ ਹੋਇਆ।

28. ਪ੍ਰਸ਼ਨ :–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਿਥੇ ਹੋਇਆ ?

ਉਤਰ :–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਸ੍ਰੀ ਪਟਨਾ ਸਾਹਿਬ ਵਿਖੇ ਹੋਇਆ।

29 ਪ੍ਰਸ਼ਨ :–ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੇ ਪਹਿਲੇ ਗ੍ਰੰਥੀ ਸਾਹਿਬ ਕੌਣ ਸਨ ?

ਉਤਰ :–ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੇ ਪਹਿਲੇ ਗ੍ਰੰਥੀ ਸ੍ਰੀ ਬਾਬਾ ਬੁਢਾ ਜੀ ਸਨ।

30. ਪ੍ਰਸ਼ਨ :–ਸ੍ਰੀ ਅੰਮ੍ਰਿਤਸਰ ਸ਼ਹਿਰ ਕਿਹੜੇ ਸਤਿਗੁਰੂ ਜੀ ਨੇ ਵਸਾਇਆ ਸੀ ?

ਉਤਰ :–ਸ੍ਰੀ ਅੰਮ੍ਰਿਤਸਰ ਸ਼ਹਿਰ ਸ੍ਰੀ ਗੁਰੂ ਰਾਮ ਦਾਸ ਜੀ ਨੇ ਵਸਾਇਆ ਸੀ ?

31. ਪ੍ਰਸ਼ਨ :–ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਪਾਸੋਂ ਰਖਵਾਈ ਗਈ ਸੀ ?

ਉਤਰ :–ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਹਜ਼ਰਤ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਗਈ ਸੀ।

32. ਪ੍ਰਸ਼ਨ :–ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੰਜ ਸਰੋਵਰ ਕਿਹੜੇ ਹਨ ?

ਉਤਰ :–1. ਸ੍ਰੀ ਰਾਮਦਾਸ ਸਰ (ਸ੍ਰੀ ਦਰਬਾਰ ਸਾਹਿਬ)। 2. ਸ੍ਰੀ ਕੌਲ ਸਰ। ੩. ਸ੍ਰੀ ਰਾਮ ਸਰ। 4. ਸ੍ਰੀ ਬਿਬੇਕ ਸਰ। 5. ਸ੍ਰੀ ਸੰਤੋਖ ਸਰ।

33. ਪ੍ਰਸ਼ਨ :–ਅੰਮ੍ਰਿਤਸਰ ਜ਼ਿਲੇ ਦੇ ਕੁਝ ਕੁ ਪ੍ਰਸਿੱਧ ਗੁਰ-ਅਸਥਾਨਾਂ ਦੇ ਨਾਂ ਦਸੋ।

ਉਤਰ :–ਅੰਮ੍ਰਿਤਸਰ ਜ਼ਿਲੇ ਦੇ ਕੁਝ ਪ੍ਰਸਿੱਧ ਗੁਰ-ਅਸਥਾਨਾਂ ਦੇ ਨਾਂ–1. ਗੁਰਦਵਾਰਾ ਗੁਰੂ ਕੇ ਮਹਿਲ, ਅੰਮ੍ਰਿਤਸਰ। 2. ਗੁਰਦਵਾਰਾ ਸ੍ਰੀ ਪਿਪਲੀ ਸਾਹਿਬ, ਅੰਮ੍ਰਿਤਸਰ। 3. ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਜੀ, ਅੰਮ੍ਰਿਤਸਰ। 4. ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ। 5. ਸ੍ਰੀ ਬਾਉਲੀ ਸਾਹਿਬ,



www.AKJ.Org

ਗੋਇੰਦਵਾਲ। 6. ਸ਼੍ਰੀ ਤਪਿਆਣਾ ਸਾਹਿਬ, ਖਡੂਰ ਸਾਹਿਬ।

34. ਪ੍ਰਸ਼ਨ :-(ੳ) ਬੰਦ ਬੰਦ ਕਿਸੇ ਨੇ ਕਟਵਾਏ ? (ਅ) ਖੋਪਰੀ ਕਿਸ ਨੇ ਲੁਹਾਈ ? (ੲ) ਚਰਖੜੀ ਤੇ ਕੌਣ ਚਾੜ੍ਹੇ ਗਏ ? (ਸ) ਆਰੇ ਨਾਲ ਤਨ ਕਿਸ ਨੇ ਚਿਰਵਾਇਆ ? (ਹ) ਜੰਡਾਂ ਨਾਲ ਪੁਠੇ ਲਟਕਾਅ ਕੇ ਕੌਣ ਸਾੜੇ ਗਏ ?

ਉਤਰ :-(ੳ) ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾਏ ਸਨ। (ਅ) ਭਾਈ ਤਾਰੂ ਸਿੰਘ ਜੀ ਨੇ ਖੋਪਰੀ ਲੁਹਾਈ ਸੀ। (ੲ) ਭਾਈ ਸੁਬੇਗ ਸਿੰਘ ਜੀ ਅਤੇ ਭਾਈ ਸ਼ਾਹਬਾਜ਼ ਸਿੰਘ ਜੀ ਚਰਖੜੀ ਤੇ ਚਾੜ੍ਹੇ ਗਏ ਸਨ। (ਸ) ਭਾਈ ਮਤੀ ਦਾਸ ਜੀ ਆਰੇ ਨਾਲ ਚੀਰੇ ਗਏ ਸਨ। (ਹ) ਭਾਈ ਲਛਮਣ ਸਿੰਘ ਜੀ ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ ਸਨ।

35. ਪ੍ਰਸ਼ਨ :-ਬੱਜਰ ਕੁਰਹਿਤਾਂ ਕਿੰਨੀਆਂ ਹਨ ਅਤੇ ਕਿਹੜੀਆਂ ਕਿਹੜੀਆਂ ?

ਉਤਰ :-ਬੱਜਰ ਕੁਰਹਿਤਾਂ ਚਾਰ ਹਨ :-1. ਕੇਸਾਂ ਦੀ ਬੇਅਦਬੀ [ਕੇਸ ਕਟਵਾਣੇ]। 2. ਤਮਾਕੂ ਅਤੇ ਹੋਰ ਨਸ਼ਿਆਂ ਨੂੰ ਵਰਤਣਾ। 3. ਕੁੱਠਾ (ਮਾਸ) ਖਾਣਾ। 4. ਪਰਾਈ ਇਸਤ੍ਰੀ ਜਾਂ ਪਰਾਏ ਪੁਰਸ਼ ਦਾ ਸੰਗ ਕਰਨਾ।

36. ਪ੍ਰਸ਼ਨ :-ਸਿਖ ਧਰਮ ਦਾ ਗੁਰ-ਮੰਤਰ ਦਸੋ।

ਉਤਰ :-'ਵਾਹਿਗੁਰੂ' ਗੁਰ ਮੰਤਰੁ ਹੈ ਜਪਿ ਹਉਮੈ ਖੋਈ।

37. ਪ੍ਰਸ਼ਨ :-ਸਿਖ ਕਿਸ ਨੂੰ ਆਖਦੇ ਹਨ ?

ਉਤਰ :-ਜੋ ਸਤਿਗੁਰਾਂ ਦੀ ਸਿਖਿਆ ਤੇ ਚਲੇ, ਉਸ ਨੂੰ ਸਿਖ ਆਖਦੇ ਹਨ।

38. ਪ੍ਰਸ਼ਨ :-ਸਿੰਘ (ਖਾਲਸਾ) ਕਿਵੇਂ ਸੱਜੀਦਾ ਹੈ ?

ਉਤਰ :-ਖੰਡੇ ਦਾ ਅੰਮ੍ਰਿਤ ਛਕ ਕੇ ਖਾਲਸਾ ਸੱਜੀਦਾ ਹੈ।

39. ਪ੍ਰਸ਼ਨ :-ਖੰਡੇ ਦਾ ਅੰਮ੍ਰਿਤ ਕਿਥੋਂ ਪ੍ਰਾਪਤ ਹੁੰਦਾ ਹੈ ?

ਉਤਰ :-ਖੰਡੇ ਦਾ ਅੰਮ੍ਰਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ, ਤਿਆਰ ਬਰ ਤਿਆਰ ਪੰਜਾਂ ਪਿਆਰਿਆਂ ਦੀ ਰਾਹੀਂ ਪ੍ਰਾਪਤ ਹੁੰਦਾ ਹੈ।

40. ਪ੍ਰਸ਼ਨ :-ਗੁਰਦਵਾਰਾ ਕਿਸ ਨੂੰ ਆਖਦੇ ਹਨ ?

ਉਤਰ :-ਉਹ ਸਰਬ-ਸਾਂਝਾ ਅਸਥਾਨ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤੇ ਹਰੇਕ ਮਨੁਖ ਬਿਨਾਂ ਰੋਕ ਟੋਕ ਆ ਕੇ ਗੁਰਬਾਣੀ ਦੇ ਪਾਠ-ਕੀਰਤਨ ਦਾ ਅਨੰਦ ਮਾਣ ਸਕੇ, ਉਸ ਨੂੰ ਗੁਰਦਵਾਰਾ ਆਖਦੇ ਹਨ।

41. ਪ੍ਰਸ਼ਨ :-ਗੁਰਬਾਣੀ ਦਾ ਪਾਠ-ਕੀਰਤਨ ਕਰਨਾ ਕਿਉਂ ਜ਼ਰੂਰੀ ਹੈ ?

ਉਤਰ :-ਜਿਵੇਂ ਮੈਲੇ ਕਪੜੇ ਜਾਂ ਮੈਲੇ ਸਰੀਰ ਨੂੰ ਸਾਫ਼ ਕਰਨ ਲਈ ਸਾਬਣ ਅਤੇ ਪਾਣੀ ਦੀ ਲੋੜ ਹੁੰਦੀ ਹੈ. ਇਸੇ ਤਰ੍ਹਾਂ ਮੈਲੇ ਮਨ ਨੂੰ ਧੋਣ ਲਈ ਗੁਰਬਾਣੀ ਦੇ ਪਾਠ-ਕੀਰਤਨ ਦੀ ਲੋੜ ਹੁੰਦੀ ਹੈ।

42. ਪ੍ਰਸ਼ਨ :-ਨਾਮ-ਸਿਮਰਨ ਕੀ ਹੈ ?

ਉਤਰ :-ਗੁਰਮੰਤਰ (ਵਾਹਿਗੁਰੂ) ਇਕਾਗਰ ਹੋ ਕੇ ਜਪਣ ਨੂੰ ਨਾਮ-ਸਿਮਰਨ ਆਖੀਦਾ ਹੈ।

43. ਪ੍ਰਸ਼ਨ :-ਸਤ-ਸੰਗਤ ਕਿਸ ਨੂੰ ਆਖਦੇ ਹਨ ?

ਉਤਰ :-ਮਨੁਖਾਂ ਦਾ ਉਹ ਜੋੜ-ਮੇਲ ਜਿਥੇ ਅਕਾਲ ਪੁਰਖ ਦੀ ਸਿਫ਼ਤ-ਸਲਾਹ ਕਰ ਕੇ ਜੀਵਨ ਨੂੰ ਚੰਗਾ ਬਨਾਉਣ ਲਈ ਜਤਨ ਕੀਤਾ ਜਾਵੇ, ਉਸ ਨੂੰ ਸਤ-ਸੰਗਤ ਕਹੀਦਾ ਹੈ।

44. ਪ੍ਰਸ਼ਨ :-ਪੰਗਤ ਕਿਸ ਨੂੰ ਆਖਦੇ ਹਨ ?

ਉਤਰ :-ਜਾਤੀ ਵਿਤਕਰੇ ਬਗੈਰ ਇਕੋ ਸਫ਼ ਉਤੇ ਲੰਗਰ ਛਕਣ ਲਈ ਬੈਠੀ ਸੰਗਤ ਨੂੰ ਪੰਗਤ ਆਖਦੇ ਹਨ।

45. ਪ੍ਰਸ਼ਨ :-ਸੇਵਾ ਕੀ ਹੁੰਦੀ ਹੈ ?



www.AKJ.Org

ਉਤਰ :–ਦੂਜਿਆਂ ਦੀ ਟਹਿਲ ਜੋ ਸੱਚੇ ਦਿਲੋਂ ਅਤੇ ਨਿਸ਼ਕਾਮ ਭਾਵਨਾ ਨਾਲ ਕੀਤੀ ਜਾਵੇ, 'ਸੇਵਾ' ਹੁੰਦੀ ਹੈ।

46, ਪ੍ਰਸ਼ਨ :–ਗੁਰੂ ਕਾ ਲੰਗਰ ਕੀ ਹੁੰਦਾ ਹੈ ?

ਉਤਰ :–ਉਹ ਭੋਜਨ ਜੋ ਪੂਰੀ ਸੁਚਮ ਨਾਲ ਬਾਣੀ ਪੜ੍ਹਦਿਆਂ ਸਾਧ ਸੰਗਤ ਲਈ ਤਿਆਰ ਕੀਤਾ ਜਾਵੇ, 'ਗੁਰੂ ਕਾ ਲੰਗਰ' ਹੁੰਦਾ ਹੈ।

47. ਪ੍ਰਸ਼ਨ :–ਪ੍ਰਸ਼ਾਦ ਕੀ ਹੁੰਦਾ ਹੈ ?

ਉਤਰ :–ਕੜਾਹ ਜਾਂ ਕੋਈ ਹੋਰ ਛਕਣ ਜੋਗ ਪਦਾਰਥ, ਜੋ ਪੂਰੀ ਸੁੱਚਮ ਨਾਲ ਗੁਰਬਾਣੀ ਪੜ੍ਹਦਿਆਂ ਤਿਆਰ ਕੀਤਾ ਜਾਵੇ ਅਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਿਰਪਾਨ-ਭੇਟ ਕਰ ਕੇ ਸੰਗਤ ਵਿਚ ਵਰਤਾਇਆ ਜਾਵੇ, ਪ੍ਰਸ਼ਾਦ ਹੁੰਦਾ ਹੈ।

48. ਪ੍ਰਸ਼ਨ :–ਅਰਦਾਸ ਬਾਰੇ ਦਸੋ।

ਉਤਰ :–(ੳ) ਵਾਹਿਗੁਰੂ ਤੋਂ ਪ੍ਰਾਪਤ ਹੋਈਆਂ ਦਾਤਾਂ ਦੇ ਸ਼ੁਕਰਾਨੇ ਲਈ ਅਤੇ ਕਿਸੇ ਸ਼ੁਭ ਮਨੋਰਥ ਦੀ ਪੂਰਤੀ ਲਈ ਵਾਹਿਗੁਰੂ ਦੇ ਚਰਨਾਂ ਵਿਚ ਜੁੜ ਕੇ ਕੀਤੀ ਬੇਨਤੀ ਨੂੰ 'ਅਰਦਾਸ' ਆਖਦੇ ਹਨ।

(ਅ) ਸਿਖ ਧਰਮ ਦੀ ਅਰਦਾਸ ਦਾ ਨਿਸਚਿਤ ਰੂਪ ਹੈ, ਜੋ ਖੜੇ ਹੋ ਕੇ ਕੀਤੀ ਜਾਂਦੀ ਹੈ।

49. ਪ੍ਰਸ਼ਨ :–ਸਿਖ ਧਰਮ ਦਾ ਜੈਕਾਰਾ ਕਿਹੜਾ ਹੈ ?

ਉਤਰ :–ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ।

50. ਪ੍ਰਸ਼ਨ :–ਸਿਖ ਆਪੋ ਵਿਚ ਮਿਲਣ ਸਮੇਂ ਪਰਸਪਰ ਪਿਆਰ ਸਤਿਕਾਰ ਵਜੋਂ ਕਿਹੜਾ ਬੋਲਾ ਬੋਲਦੇ ਹਨ ?

ਉਤਰ :–ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ।

51. ਪ੍ਰਸ਼ਨ :–ਖਾਲਸਾ ਪੰਥ ਦੀ ਸਾਜਨਾ ਕਿਹੜੇ ਸਤਿਗੁਰੂ ਜੀ ਨੇ, ਕਿਥੇ ਅਤੇ ਕਦੋਂ ਕੀਤੀ ?

ਉਤਰ :–ਖਾਲਸਾ ਪੰਥ ਦੀ ਸਾਜਨਾ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਨ 1699 ਈਸਵੀ ਵਿਚ ਵੈਸਾਖੀ ਵਾਲੇ ਦਿਹਾੜੇ ਕੀਤੀ।

ਏਸੇ ਯਾਦ ਵਿਚ ਖਾਲਸਾ ਪੰਥ ਹਰ ਸਾਲ ਵੈਸਾਖੀ ਦਾ ਪੁਰਬ ਮਨਾਉਂਦਾ ਹੈ।

52. ਪ੍ਰਸ਼ਨ :–ਦੀਵਾਲੀ ਕਿਉਂ ਮਨਾਈ ਜਾਂਦੀ ਹੈ ?

ਉਤਰ :-ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਸੰਨ 1621 ਵਿਚ ਜਦੋਂ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਆਏ ਤਾਂ ਇਸ ਖੁਸ਼ੀ ਵਿਚ ਅੰਮ੍ਰਿਤਸਰ ਵਿਚ ਦੀਪਮਾਲਾ ਕੀਤੀ ਗਈ, ਜਿਸ ਦੀ ਯਾਦ ਸਿਖ ਅੱਜ ਤਕ ਮਨਾਂਦੇ ਹਨ।

53. ਪ੍ਰਸ਼ਨ :–ਸਫਲ ਜੀਵਨ ਲਈ ਸਿਖ ਧਰਮ ਦੇ ਤਿੰਨ ਮੁਢਲੇ ਉਪਦੇਸ਼ ਕੀ ਹਨ ?

ਉਤਰ :–ਸਿਖ ਧਰਮ ਦੇ ਮੁਢਲੇ ਤਿੰਨ ਉਪਦੇਸ਼—

1. ਨਾਮ ਜਪੋ। 2. ਧਰਮ ਦੀ ਕਿਰਤ ਕਰੋ। 3. ਲੋੜਵੰਦਾਂ ਨਾਲ ਵੰਡ ਕੇ ਛਕੋ।

54. ਪ੍ਰਸ਼ਨ :–ਦੇਗ ਤੇਗ ਫ਼ਤਿਹ ਦਾ ਕੀ ਭਾਵ ਹੈ ?

ਉਤਰ :–'ਦੇਗ ਤੇਗ ਫ਼ਤਿਹ' ਖਾਲਸਾ ਜੀ ਦਾ ਅਰਦਾਸ-ਰੂਪ ਜੰਗੀ ਬੋਲਾ ਹੈ, ਜਿਸ ਵਿਚ ਪ੍ਰਾਰਥਨਾ ਹੈ ਕਿ ਖਾਲਸਾ ਜੀ ਦੇ ਛਕਣ ਜਾਂ ਵਰਤਣ ਜੋਗ ਪਦਾਰਥਾਂ ਵਿਚ ਵਾਧਾ ਹੋਵੇ ਅਤੇ ਜ਼ਾਲਮ ਨਾਲ ਟਾਕਰੇ ਵਿਚ ਸਦਾ ਵਿਜੈ ਪ੍ਰਾਪਤ ਹੋਵੇ।

55. ਪ੍ਰਸ਼ਨ :- ਸਿਖ ਲਈ ਸਿਰ ਢਕ ਕੇ ਰਖਣਾ ਕਿਉਂ ਜ਼ਰੂਰੀ ਹੈ ?

ਉਤਰ :–ਸਿਰ ਸਰੀਰ ਦਾ ਸਰਬੋਤਮ ਅੰਗ ਹੈ ਤੇ ਸਿਰ ਦੇ ਕੇਸ ਗੁਰੂ ਕੀ ਮੁਹਰ ਹਨ। ਇਸ ਵਡਮੁੱਲੀ ਦਾਤਿ ਨੂੰ ਅਦਬ ਸਤਿਕਾਰ ਸਹਿਤ ਦਸਤਾਰ ਨਾਲ ਢਕ ਕੇ ਰਖਣਾ ਹਰੇਕ ਸਿਖ ਲਈ ਬਹੁਤ ਜ਼ਰੂਰੀ ਹੈ।

ਨੋਟ :–ਜਪੁਜੀ ਸਾਹਿਬ ਦੇ ਔਖੇ ਸ਼ਬਦਾਂ ਦੇ ਅਰਥ ਆਉਂਦੇ 'ਸੂਰਾ' ਵਿਚ ਦਿਆਂਗੇ।



www.AKJ.Org

# ਧਿਆਨ ਦੀ ਮਹੱਤਤਾ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦ ਪੁਰੀ, ਕਾਲਕਾ ਜੀ, ਨਵੀਂ ਦਿਲੀ-19]

ਫੁਰਨਿਆਂ ਰਹਿਤ ਮਨ ਦੀ ਅਵਸਥਾ, ਅਟੁੱਟ ਲਿਵ,ਨਾ ਉਖੜਨ ਵਾਲੀ ਸੁਰਤੀ,ਅਤੇ ਲਗਾਤਾਰ ਅਨੰਦ-ਮਈ ਬਿਰਤੀ ਸਦਕਾ ਹੀ ਅੰਮ੍ਰਿਤ-ਭਿੰਨੇ ਸਹਿਜ ਧਿਆਨ ਦਾ ਬਿਰਵਾ ਪ੍ਰਫੁਲਤ ਹੁੰਦਾ ਹੈ। ਮਨ ਦੀ ਹਾਜ਼ਰੀ ਬਿਨਾਂ ਧਿਆਨ ਕਿਸੇ ਲੇਖੇ ਨਹੀਂ। ਪੰਜੇ ਗਿਆਨ ਇੰਦਰਿਆਂ ਤੇ ਪੰਜੇ ਕਰਮ ਇੰਦਰਿਆਂ ਦੀ ਸਫਲ ਵਰਤੋਂ ਕੇਵਲ ਸੁਰਤੀ ਤੇ ਧਿਆਨ ਬਦੌਲਤ ਹੈ, ਜਿਸ ਤੋਂ ਬਿਨਾਂ ਸਾਰੀ ਘਾਲ ਕਮਾਈ ਕੋਹਲੂ ਦੇ ਬਲਦ ਵਾਂਗ ਅਜਾਈਂ ਜਾ ਸਕਦੀ ਹੈ।

ਭਟਕਦੇ ਮਨ ਨੂੰ ਇਕ ਥਾਂ ਟਿਕਾਉਣਾ ਕੇਵਲ ਇਕਾਗਰਤਾ (Concentration) ਹੈ, ਪਰ ਇਕਾਗਰ ਮਨ ਨਾਲ ਪ੍ਰਭੂ-ਚਰਨਾਂ ਨਾਲ ਜੁੜਨ ਦੀ ਅਵਸਥਾ ਦਾ ਨਾਮ ਸਮਾਧੀ (Meditation) ਹੈ। ਇਹ ਸਹਜ ਧਿਆਨ ਦੀ ਅਵਸਥਾ ਹੈ, ਜਦ ਮਨ ਪੂਰਨ ਟਿਕਾਉ ਵਿਚ, ਫੁਰਨਿਆਂ ਤੋਂ ਰਹਿਤ ਤੇ ਅਕਾਲ ਪੁਰਖ ਦੇ ਚਰਨ-ਕੰਵਲਾਂ ਵਿਚ ਲੀਨ ਹੁੰਦਾ ਹੈ।

ਸਤਿਗੁਰੂ ਨਾਨਕ ਦੇਵ ਸਾਹਿਬ ਨੇ ਪਹਿਲਾ ਰੱਬੀ ਉਪਦੇਸ਼ ਧਿਆਨ ਦੀ ਵਿਸ਼ੇਸ਼ਤਾ ਦ੍ਰਿੜ੍ਹਾਉਣ ਲਈ ਕੀਤਾ। ਨਵਾਬ ਤੇ ਕਾਜ਼ੀ ਦੇ ਨਾਲ ਮਸੀਤ ਵਿਚ ਨਮਾਜ਼ ਪੜ੍ਹਨ ਜਾਣਾ ਕੋਈ ਸਾਧਾਰਨ ਘਟਨਾ ਨਹੀਂ ਸੀ। ਇਹ ਬਾਹਰ-ਮੁਖੀ ਨੂੰ ਅੰਤਰ-ਮੁਖੀ ਬਣਾਉਣ ਦਾ ਪ੍ਰਯੋਜਨ ਸੀ। ਉਹ ਦੋਨੋਂ ਅੱਲਾ ਨਾਲ ਇੱਕ-ਮਿੱਕ ਹੋਣ ਦੀ ਥਾਂ, ਆਪੋ ਆਪਣੀ ਸਰੀਰਕ ਅਹਿੱਲਤਾ ਨੂੰ ਵੇਖ ਰਹੇ ਸਨ, ਜਦ ਕਿ ਗੁਰਦੇਵ ਉਨ੍ਹਾਂ ਦੇ ਬੇ-ਮੁਹਾਰੇ ਧਿਆਨ ਨੂੰ ਘੋੜਿਆਂ ਵਲ ਤੇ ਘਰ ਵਿਚ ਪੁੱਟੀ ਹੋਈ ਖੂਹੀ ਵਲ ਪਰਵਾਜ਼ ਕਰਦਿਆਂ ਤੱਕ ਰਹੇ ਸਨ। ਸਤਿਗੁਰੂ ਨੇ ਨਮਾਜ਼ ਵਿਚ ਨਾ ਸ਼ਾਮਲ ਹੋਣ ਦਾ ਕਾਰਨ ਬੇ-ਧੜਕ ਹੋ ਕੇ ਸਾਫ ਸ਼ਬਦਾਂ ਵਿਚ ਕਹਿ ਦਿੱਤਾ। ਦੋਨੋਂ ਸ਼ਰਮਿੰਦੇ ਹੋ ਗਏ, ਪਰ ਸਿਆਣੇ ਸਨ, ਰਮਜ਼ ਸਮਝ ਗਏ ਤੇ ਆਪ ਦੀ ਅੰਤਰਯਾਮਤਾ ਅੱਗੇ ਝੁਕ ਗਏ। ਹਜ਼ੂਰ ਨੇ ਪਾਵਨ ਉਪਦੇਸ਼ ਦਿੱਤਾ ਕਿ ਅੱਲਾ ਦੀ ਦਰਗਹ ਵਿਚ ਰਸਾਈ ਤੇ ਰਹਿਮਤ ਜਿਸਮ ਦੀ ਹਾਜ਼ਰੀ ਨਾਲ ਨਹੀਂ, ਬਲਕਿ ਮਨ ਦੀ ਹਾਜ਼ਰੀ ਨਾਲ ਹੁੰਦੀ ਹੈ। ਗੁਰਵਾਕ ਹੈ-

ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥
ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨੦੪॥ (ਮ: ੩, ਪੰਨਾ ੮੪)

ਪਰ ਇਹ ਸਮੱਸਿਆ ਕੇਵਲ ਕਾਜ਼ੀਆਂ ਤੇ ਜੋਗੀਆਂ ਦੀ ਹੀ ਨਹੀਂ, ਇਹ ਸਰਬ-ਸਾਂਝੀ ਸਮੱਸਿਆ ਹੈ, ਜਿਸ ਦੇ ਅਸੀਂ ਵੀ ਸ਼ਿਕਾਰ ਹਾਂ। ਜਦ ਅਸੀਂ ਪਾਠ ਜਾਂ ਕੀਰਤਨ ਕਰਦਿਆਂ ਸੁਣਦਿਆਂ ਆਪਣੇ ਅੰਦਰ ਝਾਤੀ ਮਾਰਦੇ ਹਾਂ ਤਾਂ ਰਸਨਾ, ਕੰਨਾਂ ਤੇ ਧਿਆਨ ਦੇ ਸੰਗਮ ਦੀ ਖਿੰਡਰੀ ਹੋਈ ਦਸ਼ਾ ਤੱਕ ਕੇ ਆਪਣੇ ਆਪ ਵਿਚ ਕਿੰਨੇ ਸ਼ਰਮਸਾਰ ਹੁੰਦੇ ਹਾਂ। ਫਿਰ ਵੀ ਅਸੀਂ ਸੁਭਾਗੇ ਹਾਂ ਕਿ ਸਾਨੂੰ ਪ੍ਰਕਾਸ਼ਮਈ ਗੁਰਬਾਣੀ ਦਾ ਮਾਰਗ-ਦਰਸ਼ਨ ਪ੍ਰਾਪਤ ਹੈ, ਜਿਸ ਦੁਆਰਾ ਅਗਿਆਨਤਾ ਦੇ ਪੜਦੇ ਸਹਜੇ ਹੀ ਕੱਟੇ ਜਾ ਸਕਦੇ ਹਨ। ਸਤਿਗੁਰੂ ਨੇ ਧਾਵਤ ਮਨ ਨੂੰ ਥੰਮ੍ਹਣ ਲਈ ਕਈ ਜੁਗਤੀਆਂ ਦੱਸੀਆਂ ਹਨ, ਜਿਨ੍ਹਾਂ ਵਿਚੋਂ ਇਕ ਜੁਗਤੀ ਨਿਸ਼ਕਾਮ ਸਵਾ ਹੈ, ਜਿਹੜੀ ਹਉਮੈ ਦਾ ਕੰਡਾ ਨਵਿਰਤ ਕਰਕੇ ਮਨ ਨੂੰ ਦ੍ਰਵ ਕਰਦੀ ਹੈ। ਸ੍ਰੀ ਗੁਰੂ ਅਮਰਦਾਸ ਜੀ, ਸੇਵਾ ਦੇ ਪੁੰਜ, ਫ਼ਰਮਾਉਂਦੇ ਹਨ :-

ਅਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ ॥
ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ ॥
ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ ॥
ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ ॥੧॥੧੩॥ (ਸਲੋਕ ਮ: ੩, ਪੰਨਾ ੮੫੪)

ਧਿਆਨ ਇਕ ਐਸਾ ਮਾਧਿਅਮ ਹੈ ਜਿਸ ਰਾਹੀਂ ਸਾਡੀਆਂ ਅਰਦਾਸਾਂ, ਫ਼ਰਿਆਦਾਂ, ਬੇਨਤੀਆਂ ਤੇ ਅਣ-ਬੋਲੀਆਂ ਗੁੱਝੀਆਂ ਰਮਜ਼ਾਂ ਅਕਾਲ ਪੁਰਖ ਤਕ ਪਹੁੰਚਦੀਆਂ ਹਨ, ਘਟ ਅੰਦਰ ਬ੍ਰਹਿਮੰਡ ਦਾ ਪਸਾਰਾ ਪ੍ਰਗਟ ਹੋਇ



www.AKJ.Org

ਆਉਂਦਾ ਹੈ। ਦੂਰ ਬੈਠੇ ਬੇਕਸਾਂ, ਮਜ਼ਲੂਮਾਂ ਦੀਆਂ ਪੁਕਾਰਾਂ, ਅਚਾਨਕ ਸੰਕਟ ਵਿਚ ਫਸੇ ਸੇਵਕਾਂ ਦੀਆਂ ਜੋਦੜੀਆਂ ਸਤਿਗੁਰੂ ਤਾਈਂ ਪਹੁੰਚਦੀਆਂ ਹਨ। ਦਰੋਪਤੀ, ਭਾਈ ਬਿਧੀ ਚੰਦ, ਬੀਬੀ ਨਾਨਕੀ ਦੀਆਂ ਸਾਖੀਆਂ ਉਦਾਹਰਨ ਦੇ ਰੂਪ ਵਿਚ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਦੂਰ ਬੈਠੇ ਗੁਰਸਿੱਖ ਬੱਚੇ ਦੇ ਕੇਸਾਂ ਨੂੰ ਕਤਲ ਹੋਣ ਤੋਂ ਬਚਾਉਣ ਲਈ ਸੁਰਤੀ ਦੁਆਰਾ ਕਾਰ ਕੱਢ ਕੇ ਨਾਈ ਨੂੰ ਕੁਕਰਮ ਕਰਨ ਤੋਂ ਵਰਜਦੇ ਹਨ।

ਪ੍ਰਾਣੀ ਦੇ ਅੰਤਮ ਸਮੇਂ ਦੇ ਧਿਆਨ ਬਾਰੇ ਗੁਰਬਾਣੀ ਵਿਚ ਸਪੱਸ਼ਟ ਤੇ ਸੁੰਦਰ ਵਿਚਾਰ ਅੰਕਤ ਹਨ। ਇਕ ਮਾਇਆਧਾਰੀ, ਜਿਸ ਦੀ ਸਾਰੀ ਆਯੂ ਯੋਗ ਅਯੋਗ ਤਰੀਕੇ ਨਾਲ ਧਨ ਸੰਚਣ ਵਿਚ ਬੀਤੀ ਹੋਵੇ, ਦੀ ਸੁਰਤੀ ਮਰਨ ਸਮੇਂ ਬਾਰ ਬਾਰ ਧਨ ਵਲ ਹੀ ਜਾਵੇਗੀ, ਭਾਵੇਂ ਉਹ ਜਾਣਦਾ ਹੈ ਕਿ ਇਹ ਸਾਰਾ ਧਨ ਸੰਬੰਧੀਆਂ ਨੇ ਸਾਂਭਣਾ ਹੈ। ਇਸ ਪ੍ਰਤੀ ਗੁਰਵਾਕ ਹੈ :–

ਜਿਉ ਉਲਝਾਇਓ ਬਾਧ-ਬੁਧਿ ਕਾ ਮਰਤਿਆ ਨਹੀ ਬਿਸਰਾਨੀ ॥੪॥
ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ ॥੫॥
ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥੬॥ [ਗਉੜੀ ਮ: ੫–੨੪੨]

ਤ੍ਰਿਲੋਚਨ ਭਗਤ ਜੀ ਨੇ ਇਸ ਸੱਚਾਈ ਨੂੰ ਇਸ ਤਰ੍ਹਾਂ ਸਰਲ ਉਦਾਹਰਨ ਦੁਆਰਾ ਬਿਆਨ ਕੀਤਾ ਹੈ ਕਿ ਅੰਤਿ ਕਾਲ ਜਿਸ ਦਾ ਧਿਆਨ ਧਨ, ਇਸਤ੍ਰੀ, ਲੜਕੇ ਤੇ ਮਕਾਨ ਵਿਚ ਉਲਝ ਜਾਂਦਾ ਹੈ ਉਹ ਸੱਪ, ਵੇਸਵਾ, ਸੂਅਰ ਤੇ ਭੂਤ ਪ੍ਰੇਤ ਦੀਆਂ ਜੂਨਾਂ ਵਿਚ ਪੈਂਦਾ ਹੈ। ਇਸ ਦੇ ਵਿਪਰੀਤ ਜਿਹੜਾ ਜੀਵ ਨਰਾਇਣ ਨੂੰ ਸਿਮਰਦਾ ਹੈ, ਉਹ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਭਗਤ ਜੀ ਦਾ ਇਹ ਸ਼ਬਦ ਗੂਜਰੀ ਰਾਗ ਵਿਚ ਪੰ: ੫੨੬ ਉਤੇ ਹੈ।

ਭਗਤ ਜਨ ਅਨੇਕ ਸਾਧਨਾ ਦੁਆਰਾ 'ਧਿਆਨ-ਪ੍ਰਪੱਕਤਾ ਲਈ ਯਤਨ ਕਰਦੇ ਹਨ ਕਿ ਅੰਤਮ ਸਮੇਂ ਬਿਰਤੀ ਅਕਾਲ ਪੁਰਖ ਦੇ ਚਰਨਾਂ ਨਾਲ ਜੁੜ ਜਾਵੇ ਤੇ ਟਿਕੀ ਰਹੇ। ਅਸੀਂ ਸੰਸਾਰੀ ਲੋਕ ਜੇ ਸੌਣ ਵੇਲੇ ਆਪਣੇ ਭਟਕਦੇ ਮਨ ਨੂੰ ਬੰਨ੍ਹ ਕੇ ਵਾਹਿਗੁਰੂ ਨਾਮ ਨਾਲ ਨਹੀਂ ਜੋੜ ਸਕਦੇ ਤਾਂ ਮਰਨ ਲੱਗਿਆਂ, ਭਿਆਨਕ ਕਾਲ ਤੋਂ ਸਹਿਮੇ ਹੋਏ, ਗੁਰ-ਚਰਨਾਂ ਵਿਚ ਸੁਰਤੀ ਲਾਉਣ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ? ਉਸ ਵੇਲੇ ਧਿਆਨ ਜੋੜਨਾ, ਇਕ-ਮਨ ਹੋਇ ਕੇ ਕੀਰਤਨ-ਪਾਠ ਸੁਨਣਾ ਬਹੁਤ ਕਠਨ ਹੁੰਦਾ ਹੈ। ਗੁਰਦੇਵ ਫੁਰਮਾਉਂਦੇ ਹਨ–

ਨਾ ਤਿਸੁ ਰੂਪੁ ਨ ਰੇਖਿਆ ਕਾਈ ॥ ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥ (੮॥੧)
(ਸੂਹੀ ਅਸ: ਮ: ੧, ਪੰਨਾ ੭੫੦)

ਭਟਕਦੇ ਮਨ ਦੀਆਂ ਤਰੰਗਾਂ ਨੂੰ ਸ਼ਾਂਤ ਕਰਨਾ, ਧਿਆਨ ਲਗਾਉਣਾ ਤੇ ਸੁਰਤਿ ਟਿਕਾਉਣੀ, ਇਹ ਯਾਦ ਰੱਖਣ ਵਾਲੀਆਂ ਗੱਲਾਂ ਨਹੀਂ, ਇਹ **ਲਗਾਤਾਰ ਨਾਮ ਅਭਿਆਸ ਦੁਆਰਾ ਅਮਲ ਵਿਚ ਲਿਆਉਣ ਵਾਲੇ ਕਰਮ ਹਨ।** ਇਹ ਭੁਲੇਖਾ ਹੈ ਕਿ ਅਸੀਂ ਅੰਤਮ ਸਮੇਂ ਵਾਹਿਗੁਰੂ ਨਾਲ ਜੁੜ ਜਾਵਾਂਗੇ। ਜੋ ਕੁਝ ਅਸੀਂ ਸਾਰੀ ਜ਼ਿੰਦਗੀ ਵਿਚ ਬੀਜਿਆ ਹੁੰਦਾ ਹੈ, ਅੰਤ ਨੂੰ ਉਹੀ ਪ੍ਰਗਟ ਹੋਇ ਆਉਂਦਾ ਹੈ। ਭਾਈ ਗੁਰਦਾਸ ਜੀ ਅਨੇਕ ਯੁਕਤੀਆਂ ਤੇ ਉਦਾਹਰਨਾਂ ਦੁਆਰਾ ਹੇਠ ਲਿਖੇ ਕਬਿੱਤ ਵਿਚ ਗੁਰਬਾਣੀ ਦੇ ਉਪਰੋਕਤ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਹਨ :–

ਜੈਸੇ ਘਰਿ ਲਾਗੈ ਆਗਿ, ਜਾਗਿ ਕੂਆ ਖੋਦਯੋ ਚਾਹੈ, ਕਾਰਜ ਨ ਸਿਧਿ ਹੋਇ, ਰੋਇ ਪਛੁਤਾਈਐ ॥
ਜੈਸੇ ਤੌ ਸੰਗ੍ਰਾਮ ਸਮੇਂ ਸੀਖਯੋ ਚਾਹੈ ਬੀਰ ਬਿਦਯਾ, ਅਨਿਥਾ ਉਦਮ ਜੈਤ ਪਦਵੀ ਨ ਪਾਈਐ ॥
ਜੈਸੇ ਨਿਸਿ ਸੋਵਤ, ਸੰਗਾਤੀ ਚਲਿ ਜਾਤਿ ਪਾਛੈ, ਭੋਰ ਭਏ ਭਾਰ ਬਾਂਧ, ਚਲੇ ਕਤ ਜਾਈਐ ॥
ਤੈਸੇ ਮਾਯਾ ਧੰਧ, ਅੰਧ, ਅਵਧਿ ਬਿਹਾਇ ਜਾਏ, ਅੰਤਿਕਾਲ ਕੈਸੇ ਹਰਿ ਨਾਮ ਲਿਵ ਲਾਈਐ ॥੪੯੫॥

ਇਥੇ ਤਸਵੀਰ ਦਾ ਇਕ ਹੋਰ ਪਹਿਲੂ ਸਾਡੇ ਸਾਹਮਣੇ ਆ ਜਾਂਦਾ ਹੈ ਕਿ ਸਾਰੀ ਉਮਰ ਪਾਪ-ਕਰਮ ਕਮਾਉਣ ਵਾਲੇ ਭ੍ਰਿਸ਼ਟ-ਬੁਧੀ ਵਾਲਿਆਂ ਦਾ ਫਿਰ ਕਿਵੇਂ ਨਿਸਤਾਰਾ ਹੋਇਆ, ਜਿਹਾ ਕਿ ਧਾੜੇ ਮਰਨ ਵਾਲਾ ਬਾਲਮੀਕ ਬਟਵਾਰਾ, ਵੇਸਵਾ-ਗਾਮੀ ਅਜਾਮਲ ਪਾਪੀ, ਸਧਨਾ ਕਸਾਈ, ਪਾਪਾਂ ਦਾ ਗਲ ਹਾਰ ਪ੍ਰੋਣ ਵਾਲੀ ਵੇਸਵਾ ਆਦਿ ਦਾ ਪਾਰ-ਉਤਾਰਾ ਹੋਣ ਦੀ ਸ਼ਾਹਦੀ ਗੁਰਬਾਣੀ ਚੋਂ ਮਿਲਦੀ ਹੈ? ਇਸ ਦਾ ਉਤਰ ਇਹੋ ਹੈ ਕਿ ਅਜਿਹੇ



www.AKJ.Org

ਪ੍ਰਾਣੀਆਂ ਦੇ ਪਿਛਲੇ ਜਨਮਾਂ ਦੇ ਕੀਤੇ ਹੋਏ ਕੋਈ ਮਹਾਨ ਪ੍ਰਬਲ ਕਰਮ ਸਨ, ਜਿਹੜੇ ਅੰਤ ਵੇਲੇ ਆ ਉਦੇ ਹੋਏ ਤੇ ਕਿਸੇ ਨਾ ਕਿਸੇ ਹੀਲੇ ਨਾਲ ਉਨ੍ਹਾਂ ਦੀ ਲਿਵ ਪ੍ਰਭੂ ਨਾਲ ਜਾ ਜੁੜੀ, ਜਿਸ ਸਦਕਾ ਸੰਸਾਰ ਸਾਗਰ ਤੋਂ ਉਹ ਤਰ ਗਏ -

ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥
(ਗਉੜੀ ਮ: ੫, ਪੰਨਾ ੨੦੪)

ਜਿਸ ਧਿਆਨ ਦੁਆਰਾ ਮਨ ਇਕਾਗਰ ਹੋ ਕੇ ਬਲਵਾਨ ਹੁੰਦਾ ਹੈ, ਸਥਿਰਤਾ ਕਾਇਮ ਹੁੰਦੀ ਹੈ, ਸੰਕਲਪ ਸ਼ਕਤੀ (Will power) ਪ੍ਰਫੁੱਲਤ ਹੁੰਦੀ ਹੈ, ਮੋਹ (Attachment) ਦੇ ਪੈਰ ਉੱਖੜਦੇ ਹਨ, ਸਰੀਰਕ ਤੇ ਮਾਨਸਕ ਰੋਗਾਂ ਦਾ ਘਾਣ ਹੁੰਦਾ ਹੈ, ਉਸ ਧਿਆਨ ਨੂੰ ਅਨੇਕਾਂ ਭੁਲੜ ਸਾਧਕਾਂ ਨੇ ਗੁਰੂ-ਡੰਮ ਦੇ ਪਾਜ ਅਧੀਨ ਅਤੇ ਲਾਲਚ-ਵਸ ਹੋ ਕੇ, ਜਾਂ ਝੂਠੀ ਪਰਸਿੱਧੀ ਲਈ, ਪਾਵਨ ਮੰਤਵ ਦੀ ਪੂਰਤੀ ਲਈ ਨਹੀਂ ਅਪਣਾਇਆ ਹੋਇਆ। ਤੰਗ-ਦਿਲੀ, ਕਰਾਮਾਤ, ਦਿਖਾਵਾ ਤੇ ਵਾਹ ਵਾਹ ਦੀ ਭੁੱਖ ਦੇ ਹਲਕਾਏ ਹੋਏ ਕਈ ਸਾਧਕਾਂ ਨੇ ਮਨ ਦੀ ਇਕਾਗਰਤਾ ਤੋਂ ਪੈਦਾ ਹੋਈ ਰਿੱਧੀ ਸਿੱਧੀ ਵਿਚ ਹੀ ਆਪਣੀ ਅਮੋਲਕ ਆਯੂ ਗੁਆ ਦਿੱਤੀ ਹੈ।

ਇਹ ਸੱਤ ਹੈ ਕਿ ਇਕਾਗਰਤਾ ਤੇ ਧਿਆਨ ਤੋਂ ਬੇਪਨਾਹ ਤਾਕਤ ਉਤਪੰਨ ਹੁੰਦੀ ਹੈ, ਪਰ ਇਹ ਵੀ ਗਹਿ ਕਰ ਰਖਣ ਵਾਲੀ ਗੱਲ ਹੈ ਕਿ ਇਸ ਤਾਕਤ ਨੂੰ ਸੰਭਾਲਣ ਲਈ, ਕਾਬੂ ਵਿਚ ਰੱਖਣ ਲਈ ਤੇ ਕੁਰਾਹੇ ਜਾਣ ਤੋਂ ਬਚਾਉਣ ਲਈ ਅੰਤਰ-ਆਤਮੇ ਜਰ ਕੇ ਹਉਮੈ ਤੋਂ ਬਚਣ ਦੀ ਸ਼ਕਤੀ ਦੀ ਵੀ ਅਵੱਸ਼ ਲੋੜ ਹੈ, ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਨੂੰ ਮਨ ਚਿਤ ਕਰਕੇ ਕਮਾਉਣ ਤੋਂ ਉਪਜਦੀ ਹੈ। ਗੁਰਬਾਣੀ ਅਨੁਸਾਰ ਗਿਆਨ ਤੇ ਧਿਆਨ, ਦੋਹਾਂ ਦਾ ਸੰਗਮ ਹੀ ਭਗਤੀ, ਸ਼ਕਤੀ, ਅਡੋਲਤਾ ਤੇ ਸਹਜ ਅਵਸਥਾ ਦੀਆਂ ਬਖਸ਼ਸ਼ਾਂ ਪਰਦਾਨ ਕਰਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕ "ਰੰਗਲੇ ਸਜਣ" ਵਿਚ ਭਾਈ ਸਰਵਣ ਸਿੰਘ ਫਲੇਵਾਲ ਦਾ ਜੀਵਨ ਬਿਰਤਾਂਤ ਬਹੁਤ ਸਿੱਖਿਆ-ਭਰਪੂਰ ਹੈ, ਤੇ ਸਮਾਧੀ, ਤਾੜੀ ਦੀਆਂ ਕਈ ਘਟਨਾਵਾਂ ਨਾਲ ਜੁੜਿਆ ਹੋਇਆ ਹੈ। ਵਾਹਿਗੁਰੂ ਜਾਣੇ ਕਿ ਕਿਵੇਂ ਘਟਨਾ ਵਾਪਰੀ ਕਿ ਉਹ ਆਪਣੇ ਅੰਦਰ ਆਈ ਮਹਾਨ ਸ਼ਕਤੀ ਦੇ ਪ੍ਰਬਲ ਵੇਗ ਨੂੰ, ਜੋ ਰਿਧੀਆਂ ਸਿਧੀਆਂ ਨਾਲ ਭਰਪੂਰ ਹੁੰਦੀ ਹੈ, ਹਉਮੈ-ਗ੍ਰਸਤ ਹੋ ਕੇ ਸੰਭਾਲ ਨਾ ਸਕਿਆ, ਗੁਰਬਾਣੀ ਦੀ ਓਟ ਤੇ ਵਿਸ਼ਵਾਸ ਵਿਚ ਘਾਟ ਪੈ ਗਈ ਤੇ ਗੁਰਸਿੱਖੀ ਦੇ ਰਾਹ ਤੋਂ ਭਟਕ ਗਿਆ। ਇਹ ਤਾਂ ਭਾਈ ਸਾਹਿਬ ਜੀ ਦਾ ਮਹਾਨ ਪਰਉਪਕਾਰ ਸੀ ਕਿ ਆਪ ਨੇ ਭਾਈ ਸਰਵਣ ਸਿੰਘ ਨੂੰ ਠੁਕਰਾ ਕੇ, ਸੋਝੀ ਕਰਵਾ ਕੇ, ਤੇ ਫਿਰ ਦਾਤਾਰ ਤੋਂ ਬਖਸ਼ਵਾ ਕੇ ਮੁੜ ਸੁੱਚਾ ਗੁਰਸਿੱਖ ਬਣਾ ਦਿੱਤਾ।

ਜਿਨ੍ਹਾਂ ਗੁਰਸਿੱਖ ਦੁਲਾਰਿਆਂ ਨੇ ਧਿਆਨ ਤੇ ਗਿਆਨ ਦਾ ਸੰਤੁਲਤ ਜੁੱਟ ਹਿਰਦੇ ਵਿਚ ਵਸਾਇਆ ਹੈ, ਗੁਰਮੰਤਰ ਦੇ ਜਾਪ ਨਾਲ, ਨਿਤਨੇਮ ਦੇ ਪਾਠ, ਗੁਰਬਾਣੀ ਦੇ ਵਿਚਾਰ ਤੇ ਅਖੰਡ ਕੀਰਤਨ ਨਾਲ ਆ ਣੀ ਕਾਇਆਂ

---

## ਗੁਰਮੁਖ ਪਿਆਰੇ ਬੀਬੀ ਅੰਮ੍ਰਿਤ ਕੌਰ ਜੀ ਅੰਬਾਲਾ ਕੈਂਟ ਵਿਛੜ ਗਏ

ਪੁਰਾਤਨ ਗੁਰੂ ਕੇ ਲਾਲ ਭਾਈ ਹਰਚਰਨ ਸਿੰਘ ਜੀ ਦੀ ਧਰਮ ਪਤਨੀ ਬੀਬੀ ਅੰਮ੍ਰਿਤ ਕੌਰ ਜੀ ੩੦-੧੨-੮੯ ਨੂੰ ਇਸ ਅਸਾਰ ਸੰਸਾਰ ਦਾ ਸਾਥ ਛਡ ਕੇ ਗੁਰਪੁਰੀ ਸਿਧਾਰ ਗਏ ਹਨ। ਬੀਬੀ ਜੀ ਪੂਰਨ ਰਹਿਤ-ਰਹਿਣੀ ਵਿਚ ਰਹਿੰਦਿਆਂ ਜੀਵਨ ਦੇ ਲੰਬੇ ਸਫ਼ਰ ਨੂੰ ਨਾਮ ਬਾਣੀ ਤੇ ਕੀਰਤਨ-ਅਖਾੜਿਆਂ ਵਿਚ ਵਿਚਰਦਿਆਂ ਸਿਦਕ-ਦਿਲੀ ਨਾਲ ਨਿਭਾ ਗਏ ਹਨ। ਆਪ ਜੀ ਆਪਣੇ ਨਾਮ ਵਾਂਗ ਹੀ ਮਿਠੇ, ਪਿਆਰ ਅਤੇ ਸੇਵਾ ਭਾਵ ਵਾਲੇ ਸਨ। ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।



www.AKJ.Org

ਰੰਗੀ ਹੈ, ਨਿਰਸੰਦੇਹ ਅਕਾਲ ਪੁਰਖ ਨੇ ਨਾ-ਕੇਵਲ ਉਨ੍ਹਾਂ ਦੀਆਂ ਝੋਲੀਆਂ ਭਰੀਆਂ ਹਨ, ਬਲਕਿ ਝੋਲੀਆਂ ਤਕੜੀਆਂ ਤੇ ਹੰਢਣਸਾਰ ਵੀ ਬਖ਼ਸ਼ੀਆਂ ਹਨ। ਅਨ-ਅਧਿਕਾਰੀ ਜੀਵ ਦੀ ਝੋਲੀ ਕਮਜ਼ੋਰ ਹੁੰਦੀ ਹੈ, ਇਸ ਕਰਕੇ ਉਹ ਰੱਬੀ ਬਖਸ਼ਸ਼ਾਂ ਨੂੰ ਸੰਭਾਲ ਨਹੀਂ ਸਕਦਾ। ਘਾਲ ਕਮਾਈ ਕਰਨੀ ਤੇ ਅਰਦਾਸ ਇਸ ਦਾ ਇਲਾਜ ਮੰਨਿਆ ਗਿਆ ਹੈ।

ਕਿਸੇ ਚਲੀਹੇ ਜਾਂ ਮੰਤਰ-ਸਿੱਧੀ ਦੀ ਪ੍ਰਾਪਤੀ ਲਈ ਕੀਤਾ ਜਾਪ ਪ੍ਰੇਮਾ ਭਗਤੀ ਦੀ ਭਾਵਨਾ ਤੋਂ ਸੱਖਣਾ ਤੇ ਗਿਣਤੀ ਮਿਣਤੀ ਦੀ ਬੁਨਿਆਦ ਤੇ ਉਸਰਿਆ ਹੁੰਦਾ ਹੈ। ਜਿਥੇ ਦੁਨਿਆਵੀ ਪਦਾਰਥਾਂ ਜਾਂ ਕਰਾਮਾਤੀ ਸ਼ਕਤੀਆਂ ਦੀ ਜਾਚਨਾ ਹੋਵੇ, ਉਥੇ ਪ੍ਰੇਮ, ਵਿਛੋੜਾ, ਤੜਪ, ਉਮਾਹ, ਹਰਿ ਰੰਗ ਵਿਚ ਹੱਸਣਾ, ਰੋਣਾ ਤੇ ਚਾਅ, ਮਿਲਾਪ ਜਿਹੇ ਜਜ਼ਬਾਤੀ ਗੁਣ ਕਿਥੇ ?

ਪਰ ਪ੍ਰਭੂ-ਦਰਸ਼ਨ ਦੀ ਲਾਲਸਾ ਤੇ ਗੁਰਮੰਤਰ ਦੇ ਜਾਪ ਵਿਚ ਭਿੱਜੀ ਸੁਰਤੀ ਦੀ ਕਥਾ ਅਕਥਨੀਯ ਹੈ। ਗੁਰਮਤਿ ਨਾਮ ਹਰਿ ਧਨ ਸਚੀ ਰਾਸਿ ਹੈ, ਇਹ ਅਮਰ ਪਦਾਰਥ ਹੈ ਤੇ ਦੁਨਿਆਵੀ ਸੌਦੇਬਾਜ਼ੀ ਤੋਂ ਉੱਪਰ ਹੈ। ਇਸ ਦੀ ਪ੍ਰਾਪਤੀ ਕੱਚੇ ਪਿੱਲੇ ਧਿਆਨ ਦੁਆਰਾ ਅਸੰਭਵ ਹੈ। ਜੇ ਹਿਰਦਾ, ਆਂਗਣ, ਵਿਹੜਾ ਉੱਚੇ ਮੰਤਵ, ਬੇ-ਗਰਜ਼ ਭਾਵਨਾ, ਬੇਲਾਗ ਹੀਲੇ, ਸੁੱਚੇ ਸਾਧਨ ਤੇ ਨਿਸ਼ਕਾਮ ਕਰਮ ਨਾਲ ਸੁਸ਼ੋਭਤ ਹੋਵੇ ਤਾਂ ਧਿਆਨ ਦੇ ਸਰੂਪ ਵਿਚ ਸੁਧਾਰ ਹੋਣਾ ਸੌਖਾ ਹੋ ਜਾਂਦਾ ਹੈ। ਦੈਵੀ ਗੁਣਾਂ ਦੇ ਧਾਰਨੀ ਅਭਿਆਸੀ ਨੂੰ ਅਟੁੱਟ ਬਿਰਤੀ, ਸੱਚੀ ਲਿਵਤਾਰ ਤੇ ਚੰਦ ਚਕੋਰ ਵਾਲੀ ਤਾੜੀ ਦੀ ਅਵਸਥਾ ਨਾਮ ਰੰਗਣ ਵਿਚ ਰੰਗ ਦੇਂਦੀ ਹੈ। ਜਦ ਪ੍ਰੀਤਿ ਦੀ ਡੋਰ ਅਕਾਲ ਪੁਰਖ ਦੇ ਹੱਥ ਵਿਚ ਆ ਜਾਵੇ ਤਾਂ ਇਹ ਏਨੀ ਪ੍ਰਬਲ ਹੋ ਜਾਂਦੀ ਹੈ ਕਿ ਤੋੜਿਆਂ ਨਹੀਂ ਟੁੱਟਦੀ ਤੇ ਛੱਡਿਆਂ ਨਹੀਂ ਛੱਡੀ ਜਾਂਦੀ। ਨਾਮੀ ਵਿਚ ਐਸੀ ਅਭੇਦਤਾ ਦੀ ਬਖ਼ਸ਼ਸ਼ ਸਹਜ-ਧਿਆਨ ਦੁਆਰਾ ਹੀ ਹੁੰਦੀ ਹੈ, ਜਿਸ ਬਾਰੇ ਹਜ਼ੂਰ ਦਾ ਫੁਰਮਾਨ ਹੈ :—

ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ ॥
ਅਮਰ ਪਦਾਰਥ ਤੇ ਕਿਰਤਾਰਥ ਸਹਜ ਧਿਆਨ ਲਿਵ ਲਾਈਐ ॥੧॥
ਮਨ ਰੇ ਰਾਮ ਭਗਤਿ ਚਿਤੁ ਲਾਈਐ ॥
ਗੁਰਮੁਖਿ ਰਾਮ ਨਾਮੁ ਜਪਿ ਹਿਰਦੈ ਸਹਜ ਸੇਤੀ ਘਰਿ ਜਾਈਐ ॥੧॥ਰਹਾਉ॥

(ਭੈਰਉ ਮ: ੫, ਪੰਨਾ ੧੧੨੭)

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੫੦ |
| ਅੰਮ੍ਰਿਤ ਕਲਾ | ੧-੫੦ | ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੦੦ |
| ਸੱਚੀਆਂ ਦਾੜ੍ਹੀਆਂ | ੦-੭੫ | ਸਿਖ ਕੌਣ ਹੈ | ੦-੭੫ |
| ਤਿਮਰ ਅਗਿਆਨ ਤੋਂ ਉਜਿਆਰਾ | ੦-੫੦ | ਉਮਰ ਕੈਦੀ ਦਾ ਸੁਪਨਾ | ੧-੨੫ |




www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੫)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਪੰਥ ਨੂੰ ਦਸਮੇਸ਼ ਜੀ ਨੇ ਪੂਰਨਤਾ ਬਖਸ਼ੀ। ਗੁਰੂ ਨਾਨਕ ਦੇ ਮਾਰਗ ਤੇ ਚਲਣ ਵਾਲੇ ਸਿਖ ਅਖਵਾਏ ਤੇ ਇਸ ਮਾਰਗ ਦਾ ਨਾਮ ਸਿਖ ਪੰਥ ਪ੍ਰਸਿਧ ਹੋਇਆ। ਉਹਨਾਂ ਤੋਂ ਪਿਛੋਂ ਨੌਂ ਗੁਰੂ ਸਾਹਿਬਾਨ, ਜੋ ਉਨ੍ਹਾਂ ਦੀ ਜੋਤਿ ਸਨ, ਨੇ ਸਿੱਖੀ ਦੇ ਸਿਧਾਂਤ ਨੂੰ ਆਪਣੇ ਅਮਲੀ ਜੀਵਨ ਰਾਹੀਂ ਪਰਪਕ ਕੀਤਾ। ਸਿੱਖਾਂ ਨੂੰ ਹੱਕ ਹਲਾਲ ਦੀ ਕਮਾਈ, ਵੰਡ ਛਕਣਾ, ਇਕ ਅਕਾਲ ਪੁਰਖ ਦੀ ਅਰਾਧਨਾ, ਨਿਸ਼ਕਾਮ ਸੇਵਾ, ਸਬਰ ਸੰਤੋਖ, ਵਿਚਾਰ, ਧੀਰਜ, ਨਾ ਡਰਨਾ-ਨਾ ਡਰਾਣਾ ਅਤੇ ਦੇਸ਼ ਧਰਮ ਦੀ ਖਾਤਰ ਮੋਹਰਲੀਆਂ ਸਫ਼ਾਂ ਵਿਚ ਹੋ ਕੇ ਆਪਾ ਵਾਰਨ ਦਾ ਸਬਕ ਦ੍ਰਿੜ੍ਹਾਇਆ। ਆਜ਼ਾਦੀ,ਅਣਖ ਤੇ ਸਵੈਮਾਨ ਵਾਲੀ ਜ਼ਿੰਦਗੀ ਦੀ ਜਾਚ ਆਪ ਹੰਢਾ ਕੇ ਦਸੀ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿਖ ਪੰਥ ਵਿਚ ਇਕ ਵੱਡਾ ਪ੍ਰੀਵਰਤਨ ਲਿਆਂਦਾ। ਗੁਰੂ ਹਰਿਗੋਬਿੰਦ ਸਾਹਿਬ ਦੀ ਰਹਿਨੁਮਾਈ ਵਿਚ ਸਿਖ ਇਕ ਤਕੜੀ ਤਾਕਤ ਬਣ ਗਏ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਮੁਰਦਾ ਹੋਈ ਹਿੰਦੂ ਕੌਮ ਵਿਚ ਨਵੀਂ ਰੂਹ ਫੂਕੀ। ਇਸ ਸ਼ਹਾਦਤ ਨੇ ਸਿੱਖਾਂ ਨੂੰ ਹੋਰ ਰੋਹ ਤੇ ਜਲਾਲ ਪ੍ਰਦਾਨ ਕੀਤਾ। ਸਿਖ ਸ਼ਕਤੀ ਦਾ ਵਿਸਥਾਰ ਹੋਰ ਵਧਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਹੁਣ ਉਹਨਾਂ ਦੀ ਪ੍ਰੀਖਿਆ ਕਰਨੀ ਚਾਹੀ। ਇਤਿਹਾਸ ਵਿਚ ਇਹ ਇਕ ਅਨੋਖੀ ਹੀ ਪ੍ਰੀਖਿਆ ਸੀ। ਸਿੱਖੀ ਧਾਰਨ ਕਰ ਚੁਕੇ ਸਮੂਹ ਭਾਰਤ-ਵਾਸੀਆਂ ਨੂੰ ਵਿਸ਼ੇਸ਼ ਸੱਦੇ ਰਾਹੀਂ ੧੬੯੯ ਈ: ਦੀ ਵਿਸਾਖੀ ਤੇ ਇਕੱਠਿਆਂ ਕੀਤਾ। ਭਰੇ ਦੀਵਾਨ ਵਿਚ ਹੱਥ ਵਿਚ ਚਮਕਦੀ ਤੇਗ ਲੈ ਕੇ ਕਲਗੀਧਰ ਨੇ ਸਿਰ ਮੰਗੇ। 'ਸਿੱਖੀ' ਇਮਤਿਹਾਨ ਵਿਚ ਪਾਸ ਹੋਈ। ਪੰਜ ਸੂਰਮੇ ਨਿਤਰੇ ਤੇ ਸੀਸ ਭੇਟ ਕੀਤੇ। ਇਸ ਤਰ੍ਹਾਂ ਗੁਰੂ ਨਾਨਕ ਦੇ ਚਲਾਏ ਪੰਥ ਨੂੰ ਪੂਰਨਤਾ ਬਖ਼ਸ਼ੀ। ਉਹਨਾਂ ਪੰਜਾਂ ਮਰਜੀਵੜਿਆਂ ਨੂੰ ਪੰਜ ਪਿਆਰਿਆਂ ਦਾ ਦਰਜਾ ਬਖ਼ਸ਼ਿਆ। ਫਿਰ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਇਹਨਾਂ ਪੰਜਾਂ ਨੂੰ ਛਕਾਇਆ ਤੇ ਸਿੰਘ ਸਜਾਇਆ। ਉਪਰੰਤ ਇਹਨਾਂ ਦੇ ਹਥੋਂ ਆਪ ਅੰਮ੍ਰਿਤ ਛਕਿਆ ਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ। ਇਸੇ ਦਿਨ (ਵਿਸਾਖ ੧, ੧੭੫੬ ਬਿ: ਮੁਤਾਬਕ ੩੦ ਮਾਰਚ ੧੬੯੯ ਇਸਵੀ ਨੂੰ)–ਹਜ਼ਾਰਾਂ ਸਿਖ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਸ੍ਰੀ ਕੇਸਗੜ੍ਹ ਤਖ਼ਤ ਸਾਹਿਬ ਵਾਲੇ ਅਸਥਾਨ ਤੇ ਖਲੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਸਜੇ ਸਿੰਘਾਂ ਨੂੰ ਇਸ ਭਾਵ ਦੇ ਬਚਨਾਂ ਨਾਲ ਸੰਬੋਧਨ ਕੀਤਾ–

"ਮੇਰਾ ਖ਼ਾਸ ਰੂਪ, ਸੱਜਣ, ਸੂਰੇ, ਸਿਰਲਥ ਬਹਾਦਰ ਸਿੰਘੋ! ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਹੁਣ ਆਪਾਂ ਵਾਹਿਗੁਰੂ ਜੀ ਕਾ ਖ਼ਾਲਸਾ ਹੋ ਗਏ ਹਾਂ। ਵਾਹਿਗੁਰੂ ਜੀ ਦੀ ਫਤਹ ਵੀ ਅਵੱਸ਼ ਹੋਣੀ ਹੈ। ਇਹ ਅਕਾਲੀ ਪੰਥ ਸਾਜਣ ਲਈ ਅਕਾਲ ਪੁਰਖ ਨੇ ਮੈਨੂੰ ਹੁਕਮ ਦੇ ਕੇ ਭੇਜਿਆ ਸੀ। ਖਾਲਸਾ ਜੀ, ਅੱਜ ਤੋਂ ਤੁਹਾਡੇ ਪਿਛਲੇ ਸਾਰੇ ਬੰਧਨ ਕੱਟੇ ਗਏ ਹਨ। ਤੁਸੀਂ ਅੱਜ ਤੋਂ ਅਕਾਲ ਪੁਰਖ ਦੇ ਪੁੱਤਰ ਹੋ, ਤੁਸੀਂ ਅਕਾਲ ਪੁਰਖ ਦੀ ਫ਼ੌਜ ਹੋ। ਤੁਸੀਂ ਵਾਹਿਗੁਰੂ ਦਾ ਖ਼ਾਸ ਰੂਪ ਹੋ। ਚੁਰਾਸੀ ਦੇ ਗੇੜ ਤੋਂ ਮੁਕਤ, ਮਰਨ ਤੋਂ ਰਹਿਤ ਹੋ। ਗ਼ਰੀਬਾਂ ਮਜ਼ਲੂਮਾਂ ਦੇ ਰਾਖੇ ਤੇ ਜ਼ਾਲਮਾਂ ਜਾਬਰਾਂ ਲਈ ਮੌਤ ਹੋ। ਸਾਰੀ ਧਰਤੀ ਦੇ ਬਾਦਸ਼ਾਹ ਹੋ। ਤੁਹਾਡਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ। ਸ਼ਸਤ੍ਰ ਤੁਹਾਡੇ ਸ੍ਰੀਰ ਦਾ ਅਟੁਟ ਅੰਗ ਹਨ। ਇਹ ਤੁਹਾਡੇ ਭੂਸ਼ਨ ਵੀ ਹਨ ਤੇ ਖੇਡ ਵੀ। ਰਣ-ਭੂਮੀ ਤੁਹਾਡੇ ਖੇਡਣ ਵਾਲੀ ਥਾਂ ਤੇ ਇਹੋ ਤੁਹਾਡੀ ਸੇਜ ਹੈ। ਜ਼ੁਲਮ ਦਾ ਨਾਸ ਕਰਨਾ ਤੁਹਾਡਾ ਫ਼ਰਜ਼ ਹੈ। ਧਰਮ ਦਾ ਰਾਜ ਕਾਇਮ ਕਰਨਾ ਤੁਹਾਡਾ ਹੱਕ ਹੈ। ਇਨਸਾਨ ਸਭ ਬਰਾਬਰ ਹਨ। 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਹਾਂ। ਹਰ ਕੋਈ ਅੱਲਾ ਦਾ ਹੀ ਨੂਰ ਹੈ। ਜ਼ਾਤ ਪਾਤ ਤੇ ਊਚ ਨੀਚ ਦੇ ਭਰਮ-ਭੁਲੇਖੇ ਸਦਾ ਲਈ ਖ਼ਤਮ ਹਨ। ਤੁਸੀਂ ਸਭ ਭਾਈ ਭਾਈ ਹੋ। ਕਾਰ-ਵਿਹਾਰ ਲਈ ਗੁਰਮਤਾ ਤੁਹਾਡਾ ਮੁਢਲਾ ਨੀਅਮ ਹੈ। ਤੁਸੀਂ ਵਾਹਿਗੁਰੂ ਦੇ ਪੁੱਤਰ ਹੋਣ ਦੇ ਨਾਤੇ, ਉਸ ਵਲੋਂ ਚੁਣੇ ਹੋਏ ਸੰਤ ਸਿਪਾਹੀ ਹੋ। ਜ਼ੁਲਮੀ ਰਾਜ ਦਾ ਅੰਤ ਕਰ ਕੇ ਹਲੇਮੀ ਤੇ



www.AKJ.Org

ਸਾਂਝੀਵਾਲਤਾ ਵਾਲੇ ਰਾਜ ਦਾ ਤੁਸਾਂ ਝੰਡਾ ਝੁਲਾਣਾ ਹੈ। ਅਸਾਂ ਡਾਢਿਆਂ, ਹੰਕਾਰੀਆਂ ਤੇ ਜਰਵਾਨਿਆਂ ਦੇ ਹੰਕਾਰ ਤੋੜਨੇ ਹਨ। ਕੱਖਾਂ ਵਾਂਗ ਪੈਰਾਂ ਹੇਠ ਲਿਤਾੜੀਂਦਿਆਂ ਗਰੀਬਾਂ ਕੰਗਲਿਆਂ ਨੂੰ ਬਾਦਸ਼ਾਹੀਆਂ ਦੇਣੀਆਂ ਹਨ। ਸਭ ਆਕੜਾਂ ਵਾਲੇ ਸਿਰ ਤੁਹਾਡੇ ਅੱਗੇ ਝੁਕਣਗੇ। ਇਹ ਦੇਸ਼, ਇਹ ਧਰਤੀ ਤੁਹਾਡੀ ਮਾਲਕੀ ਹੈ। ਤੁਹਾਡੇ ਸਿਰਾਂ ਤੇ ਕਲਗੀ ਸੋਹੇਗੀ ਜਾਂ ਆਰੇ ਚਲਣਗੇ। ਗ਼ੁਲਾਮੀ ਦੀ ਪੰਡ ਨਹੀਂ ਠਹਿਰੇਗੀ। ਇਸ ਮਾਰਗ ਤੇ ਚਲਦਿਆਂ ਮੈਂ ਸਾਰਾ ਬਲ ਤੇਜ ਤੁਹਾਨੂੰ ਬਖਸ਼ਾਂਗਾ। ਪਰ ਜੇ ਤੁਸੀਂ ਫਿਰ ਨਖਿਧ ਬ੍ਰਾਹਮਣੀ ਰੀਤੀ ਵਲ ਧਿਆਨ ਕੀਤਾ ਤਾਂ ਯਾਦ ਰਖੋ, ਮੈਂ ਤੁਹਾਡੀ ਕਦੇ ਵੀ ਪ੍ਰਤੀਤ ਨਹੀਂ ਕਰਾਂਗਾ। ਖਾਲਸਾ ਜੀ, ਵਾਹਿਗੁਰੂ ਦੇ ਸਾਰੇ ਖ਼ਜ਼ਾਨੇ ਤੁਹਾਡੇ ਲਈ ਖੋਲ੍ਹ ਦਿਤੇ ਹਨ, ਸੂਰਮਗਤੀ ਨੂੰ ਤੁਹਾਡੇ ਉਤੇ ਨਿਬੇੜ ਦਿਤਾ ਹੈ। ਆਉਣ ਵਾਲੀ ਦੁਨੀਆ ਤੁਹਾਡੇ ਜੌਹਰਾਂ ਦੇ ਜਲਵੇ ਦੇਖੇਗੀ...।''

ਇਹਨਾਂ ਸ਼ਬਦਾਂ ਨੇ ਹਰ ਹਿਰਦੇ ਨੂੰ ਹਲੂਣ ਸੁਟਿਆ। ਸੁਣ ਕੇ ਸਿੰਘਾਂ ਦੇ ਚਿਹਰੇ ਚੜ੍ਹਦੇ ਸੂਰਜ ਦੀ ਲਾਲੀ ਵਾਂਗ ਦਮਕਣ ਲੱਗੇ। ਦਿਲਾਂ ਵਿਚ ਰੋਹ ਦਾ ਹੜ੍ਹ ਠਾਠਾਂ ਮਾਰਨ ਲਗਾ। ਤਲਵਾਰਾਂ ਤੇ ਖੰਡੇ ਆਪ-ਮੁਹਾਰੇ ਮਿਆਨਾਂ ਵਿਚੋਂ ਨਿਕਲ ਕੇ ਹਵਾ ਵਿਚ ਬਿਜਲੀਆਂ ਵਾਂਗ ਚਮਕਣ ਲੱਗੇ। ਨੇਜ਼ਿਆਂ ਦੀਆਂ ਅਣੀਆਂ ਆਸਮਾਨ ਵਲ ਉਠੀਆਂ, ਮਾਨੋ ਧਰਤੀ ਵਲੋਂ ਆਕਾਸ਼ ਵਲ ਬਲਦੀਆਂ ਲਾਟਾਂ ਜਾ ਰਹੀਆਂ ਹਨ। ਕਿਧਰੇ ਕਮਾਨਾਂ ਆਕੜਾਂ ਲੈਣ ਲਗੀਆਂ, ਭਥਿਆਂ ਵਿਚੋਂ ਤੀਰਾਂ ਗਿਠ ਗਿਠ ਜੀਭਾਂ ਕਢ ਲਈਆਂ। ਜਜ਼ਬਾਤ ਦਾ ਵੇਗ ਗਗਨ ਦਮਾਮਾ ਬਣ ਵਜਿਆ ਤੇ ਇਕ-ਜ਼ਬਾਨ ਹੋ ਕੇ ਸਿੰਘਾਂ ਦਾ ਨਾਅਰਾ ਅਕਾਸ਼ ਚੀਰ ਗਿਆ–

ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ ॥

ਆਸਮਾਨ ਗੂੰਜਿਆ, ਪਹਾੜ ਗੂੰਜੇ। ਇਹੋ ਸਿੰਹ ਗਰਜਣਾ (ਵਰਗਾ ਨਾਅਰਾ) ਸਿੰਘ ਦਾ ਨਿਸ਼ਾਨਾ ਬਣ ਗਈ।

ਇਹ ਨਾਅਰਾ ਪਹਾੜੀ ਰਾਜਿਆਂ ਦੇ ਸੀਨੇ ਸੱਲਦਾ ਹੋਇਆ ਮੁਗ਼ਲ ਸਾਮਰਾਜ ਦੇ ਕਿਲ੍ਹੇ ਦੇ ਕਿੰਗਰਿਆਂ ਨਾਲ ਜਾ ਟਕਰਾਇਆ। ਦਿਬ-ਦ੍ਰਿਸ਼ਟੀ ਵਾਲਿਆਂ ਨੇ ਮੁਗ਼ਲ ਸਾਮਰਾਜ ਦਾ ਮਜ਼ਬੂਤ ਕਿਲ੍ਹਾ ਕੰਬਦਾ ਤੇ ਢਹਿੰਦਾ ਅਨੁਭਵ ਕੀਤਾ। ਪੰਜਾਬ ਦਿਆਂ ਮੈਦਾਨਾਂ, ਜੰਗਲਾਂ ਬੇਲਿਆਂ ਵਿਚ ਇਕ ਨਵੀਂ ਲਹਿਰ ਦੌੜ ਗਈ।

ਬਾਦਸ਼ਾਹੀਆਂ ਹੱਕ-ਸੱਚ ਦੇ ਨਾਅਰੇ ਸੁਣ ਕੇ ਘਬਰਾ ਜਾਇਆ ਕਰਦੀਆਂ ਹਨ। ਗ਼ੁਲਾਮੀ ਦੇ ਕਿਰਮ ਪਹਾੜੀ ਰਾਜੇ ਆਪਣੀ ਗ਼ੁਲਾਮੀ ਦੀ ਜ਼ਿੰਦਗੀ ਲੰਮੀ ਤੇ ਸੁਰੱਖਿਅਤ ਕਰਨ ਲਈ ਆਪਣੇ ਮਾਲਿਕ ਔਰੰਗਜ਼ੇਬ ਦੇ ਤਲਵੇ ਚਟਦੇ, ਕੂਕ ਕੂਕ ਕੇ ਫ਼ਰਿਆਦੀ ਹੋਏ–''ਗੁਰੂ ਗੋਬਿੰਦ ਸਿੰਘ ਨੇ ਇਹੋ ਜਿਹਾ ਖਾਲਸਾ ਤਿਆਰ ਕੀਤਾ ਹੈ ਕਿ ਸਾਡੀ ਤਾਂ ਹੁਣ ਉੱਕੀ ਖ਼ੈਰ ਨਹੀਂ। ਤੇ ਜੇ ਤੁਸੀਂ ਆਪ ਕੋਈ ਤੱਤਕਾਲ ਉਪਰਾਲਾ ਨਾ ਕੀਤਾ ਤਾਂ ਖ਼ੈਰ ਤੁਹਾਡੀ ਵੀ ਨਹੀਂ ਦਿਸਦੀ। ਸਾਡਾ ਤਾਂ ਪ੍ਰਾਚੀਨ ਬ੍ਰਾਹਮਣ ਧਰਮ (ਵਰਣ-ਵੰਡ, ਉਚ ਨੀਚ ਦਾ ਭੇਤ ਤੇ ਹੋਰ ਰਹੁ-ਰੀਤ) ਇਸ ਹੜ੍ਹ ਵਿਚ ਰੁੜ੍ਹਦਾ ਜਾ ਰਿਹਾ ਹੈ। ਸਭ ਛੋਟੇ ਵੱਡੇ ਇਕ ਕਰ ਦਿਤੇ ਹਨ। ਕੰਗਲੇ, ਤਾਜਦਾਰਾਂ ਤੁਲ ਬਣਾ ਧਰੇ ਹਨ ਉਹ ਬਾਦਸ਼ਾਹੀ ਦੇ ਦਾਅਵੇਦਾਰ ਬਣ ਗਏ ਹਨ। ਸਾਡੇ ਅੰਨ-ਦਾਤਾ ਤੇ ਧਰਮ-ਰਖਿਅਕ ਗ਼ਾਜ਼ੀ ਪਾਤਸ਼ਾਹ! ਅਸੀਂ ਨਿਮਾਣੇ ਆਪ ਜੀ ਦੇ ਗ਼ੁਲਾਮ, ਤੁਹਾਡੇ ਅਸਲਾਮੀ ਰਾਜ ਦੀਆਂ ਉਠਦੇ ਬੈਠਦੇ ਸੁਖਾਂ ਮੰਗਣ ਵਾਲੇ, ਹੁਣ ਤੁਹਾਥੋਂ ਬਿਨਾਂ ਕਿਸ ਦਰ ਤੇ ਜਾਈਏ! ਤੁਹਾਡੇ ਆਸਰੇ ਹੀ ਸਾਡੀ ਹੋਂਦ ਹੈ। ਜੇ ਤੁਸੀਂ ਖ਼ਤਰੇ ਵਿਚ ਤਾਂ ਅਸਲਾਮ ਖ਼ਤਰੇ ਵਿਚ। ਇਹ ਸਿਖ ਲਹਿਰ ਸਾਨੂੰ ਤੁਹਾਨੂੰ ਸਾਰਿਆਂ ਨੂੰ ਕਖਾਂ ਕਾਨਾਂ ਵਾਂਗ ਬਹਾ ਲੈ ਜਾਏਗੀ। ਧਰਤੀ ਉਤੇ ਰੱਬ ਸਮਾਨ ਸਭ ਦੀ ਰਖਿਆ ਕਰਨ ਵਾਲੇ ਸ਼ਹਿਨਸ਼ਾਹ! ਸਾਨੂੰ ਬਚਾਉ ਤੇ ਆਪ ਵੀ ਬਚੋ।''

ਇਨ੍ਹਾਂ ਪਹਾੜੀ ਰਾਜਿਆਂ ਨੇ ਸ਼ੱਕੀ ਤੇ ਵਹਿਮੀ ਸੁਭਾਅ ਵਾਲੇ ਤੰਗ ਦਿਲ ਬਾਦਸ਼ਾਹ ਨੂੰ ਹੋਈ ਅਣਹੋਈ ਨਾਲ ਸੌ ਸੌ ਹੋਰ ਗੰਢ ਕੇ ਸੁਣਾਈ ਤੇ ਤਮਕਾਇਆ। ਮਰਹੱਟਿਆਂ ਨਾਲ ਉਲਝੇ ਹੋਏ ਬੁਢੇ ਤੇ ਕੱਟੜ-ਪੰਥੀ ਔਰੰਗਜ਼ੇਬ਼ ਨੂੰ ਸੱਚ ਜਾਨਣ ਦੀ ਫ਼ੁਰਸਤ ਹੀ ਕਦ ਸੀ। ਬਯਜ਼ੀਦ ਖ਼ਾਨ ਸਰਹੰਦ ਦੇ ਸੂਬੇਦਾਰ ਦੇ ਨਾਮ ਸ਼ਾਹੀ ਫ਼ਰਮਾਨ ਜਾਰੀ ਹੋਇਆ ਕਿ ਉਸਦੀ ਕਮਾਨ ਥਲੇ ਸੂਬਾ ਲਾਹੌਰ,[੧] ਸੂਬਾ ਮੁਲਤਾਨ, ਸੂਬਾ ਕਸ਼ਮੀਰ ਦੀਆਂ ਫੌਜਾਂ ਪਹਾੜੀ ਰਾਜਿਆਂ ਦੀ ਸਹਾਇਤਾ ਨੂੰ ਮੁਹਿੰਮ ਦੀ ਸ਼ਕਲ ਵਿਚ ਅਨੰਦਪੁਰ ਉਤੇ ਚੜ੍ਹਾਈ ਕਰਨ, ਅਤੇ ਗੁਰੂ ਵਲੋਂ ਖੜੀ ਕੀਤੀ ਸੋਰਸ਼



www.AKJ.Org

ਨੂੰ ਸਖ਼ਤੀ ਨਾਲ ਦਬਾਅ ਦਿਤਾ ਜਾਵੇ। ਅਨੰਦਪੁਰ ਦੇ ਚੁਫੇਰੇ ਬਣੇ ਹੋਏ ਸਾਰੇ ਕਿਲ੍ਹੇ ਮਲੀਆਮੇਟ ਕਰ ਦਿਤੇ ਜਾਣ। ਵਿਸ਼ੇਸ਼ ਫ਼ੌਜ ਜ਼ਫਰ ਬੇਗ ਦੀ ਕਮਾਨ ਥਲੇ ਦਿਲੀਓਂ ਜਾ ਕੇ ਲੜਾਈ ਵਿਚ ਸ਼ਾਮਲ ਹੋਵੇ। ਗੁਰੂ ਦੇ ਜ਼ਿੰਦਾ ਫੜੇ ਜਾਣ ਦੀ ਸੂਰਤ ਵਿਚ ਉਸ ਨੂੰ ਬਾਲ ਬੱਚੇ ਸਮੇਤ ਦਿੱਲੀ ਲਿਆਂਦਾ ਜਾਵੇ ਤੇ ਕੈਦ ਵਿਚ ਰਖਿਆ ਜਾਵੇ। ਦਖਣੋਂ ਮੁੜ ਕੇ ਇਸ ਮੁਆਮਲੇ ਦਾ ਨਿਪਟਾਰਾ ਬਾਦਸ਼ਾਹ ਆਪ ਕਰੇਗਾ। ਇਸ ਮੁਹਿੰਮ ਨੂੰ ਹਫ਼ਤੇ ਮਹੀਨੇ ਨਹੀਂ ਲਗਣੇ ਚਾਹੀਦੇ, ਦਿਨਾਂ ਵਿਚ ਖ਼ਤਮ ਕਰਕੇ ਇਤਲਾਹ ਦਿਤੀ ਜਾਵੇ।

ਇਸ ਹੁਕਮ ਦੀ ਤਾਮੀਲ ਵਜੋਂ ਝਟ ਤਿਆਰੀ ਹੋਈ। ਨਿਕੀਆਂ ਮੋਟੀਆਂ ਮੁਸਲਮਾਨ ਰਿਆਸਤਾਂ, ਜਿਵੇਂ ਮਲੇਰ ਕੋਟਲਾ, ਕਪੂਰਥਲਾ, ਰਾਹੋਂ, ਕੋਟ ਤੁਵਾੜ, ਰਾਏ ਰਾਹੂ, ਬਜਵਾੜਾ ਆਦਿ, ਤੇ ਛੋਟੇ ਮੋਟੇ ਜਗੀਰਦਾਰਾਂ, ਜ਼ਿਮੀਦਾਰਾਂ ਤੇ ਮੁਲਖਈਏ ਨੂੰ ਪਲਾ ਫੇਰ ਦਿਤਾ ਕਿ ਦੀਨ ਅਸਲਾਮ ਦਾ ਵੈਰੀ ਮਾਰਨਾ ਹੈ, ਕਫਨ ਸਿਰਾਂ ਤੇ ਬੰਨ੍ਹ ਕੇ ਨਿਤਰੋ। ਅਣਗਿਣਤ ਪਠਾਣ, ਰੰਘੜ, ਗੁਜਰ, ਤੇਲੀ, ਸੱਕੇ ਤੇ ਰਾਈਂ ਮੋਚੀ ਮਹਿੰਦੀਆ ਲਾ, ਗਾਨੇ ਬੰਨ੍ਹ ਗਾਜ਼ੀ ਬਣ ਤੁਰੇ।

ਭੀਮ ਚੰਦ ਬਿਲਾਸਪੁਰੀਆ, ਇਸ ਸਾਰੀ ਮਕਾਲ ਦਾ ਮੋਢੀ ਸੀ। ਉਸ ਦੇ ਬਾਬੇ ਤੇ ਬਾਈਧਾਰ ਦੇ ਹੋਰ ਕਈ ਰਾਜਿਆਂ ਦੇ ਬਾਬੇ-ਪੜਦਾਦੇ ਗਵਾਲੀਅਰ ਦੇ ਕਿਲ੍ਹੇ ਵਿਚ ਜਦ ਕੈਦ ਸਨ ਤਾਂ ਮੌਤ ਦੀਆਂ ਘੜੀਆਂ ਗਿਣ ਰਹੇ ਸਨ। ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਦਾ ਮਤਲਬ ਹੀ ਇਹ ਸੀ ਕਿ ਕੈਦੀ ਉਸ ਵਿਚੋਂ ਕਦੀ ਜ਼ਿੰਦਾ ਵਾਪਸ ਨਹੀਂ ਸੀ ਆਉਂਦਾ। ਉਨ੍ਹਾਂ ਦੀਆਂ ਹਥਕੜੀਆਂ ਬੇੜੀਆਂ ਓਦੋਂ ਹੀ ਲਹਿੰਦੀਆਂ ਸਨ ਜਦ ਰੂਹ ਜਿਸਮ ਤੋਂ ਉਡ ਖਲੋਂਦੀ ਸੀ। ਇਹ ਜਹਾਂਗੀਰ ਦੇ ਵੇਲੇ ਦਾ ਹਾਲ ਸੀ। ਔਰੰਗਜ਼ੇਬ ਨੇ ਦਾਰਾ ਸ਼ਿਕੋਹ ਦੇ ਪੁਤ ਸਪਹਿਰ ਸ਼ਿਕੋਹ ਨੂੰ ਵੀ ਇਥੇ ਹੀ ਘਲਾਇਆ ਸੀ ਤੇ ਫਿਰ ਇਥੇ ਹੀ ਮਰਵਾ ਦਿਤਾ ਸੀ।

ਗੁਰੂ ਹਰਿਗੋਬਿੰਦ ਸਾਹਿਬ ਨੂੰ ਇਥੇ ਹੀ ਕੈਦ ਕੀਤਾ ਗਿਆ ਸੀ। ਫਰਕ ਸਿਰਫ਼ ਇਹ ਸੀ ਕਿ ਉਹਨਾਂ ਨੂੰ ਨਜ਼ਰਬੰਦ ਕੀਤਾ ਗਿਆ ਸੀ, ਜ਼ੰਜੀਰ-ਪਾ ਨਹੀਂ ਸੀ ਕੀਤਾ। ਜਦ ਜਹਾਂਗੀਰ ਨੇ ਉਹਨਾਂ ਨੂੰ ਰਿਹਾ ਕੀਤਾ ਤਾਂ ਉਨ੍ਹਾਂ ਨੇ ਕਿਲ੍ਹੇ ਨੂੰ ਛਡਣਾ ਇਸੇ ਸੂਰਤ ਵਿਚ ਮਨਜ਼ੂਰ ਕੀਤਾ ਕਿ ਜੋ ਹੋਰ ਜ਼ੰਜੀਰ-ਪਾ ਕੈਦੀ ਹਨ, ਉਹ ਸਭ ਛੱਡੇ ਜਾਣ। ਗੁਰੂ ਨਾਨਕ ਗਦੀ ਦਾ ਛੇਵਾਂ ਰੂਪ, ਇਸ ਭੀਮਚੰਦ ਦੇ ਬਾਬੇ ਸਮੇਤ ਕਈ ਰਾਜਿਆਂ, ਨਵਾਬਾਂ ਤੇ ਦੋਸ਼ੀ ਅਫਸਰਾਂ ਨੂੰ ਇਸ ਕੁੰਭੀ ਨਰਕ ਵਿਚੋਂ ਕੱਢ ਲਿਆਇਆ। ਇਹ ਉਹਨਾਂ ਲੋਕਾਂ ਦਾ ਦੂਸਰਾ ਜਨਮ ਸੀ। ਇਹੋ ਜਿਹੇ ਕੈਦੀਆਂ ਦੀ ਗਿਣਤੀ ੫੨ ਸੀ ਤੇ ਇਹ ਛੇਵੀਂ ਪਾਤਸ਼ਾਹੀ ਦੇ ਜਾਮੇ ਦੀਆਂ ੫੨ ਕਲੀਆਂ ਫੜ ਕੇ ਨਿਕਲੇ ਸਨ। ਗੁਰੂ ਸਾਹਿਬ ਦੇ ਰਿਣੀ ਹੋਣ ਕਰਕੇ ਇਹ ਮੁਕਤ-ਪ੍ਰਾਪਤ-ਰਾਜੇ ਜ਼ਿੰਦਗੀ ਭਰ ਗੁਰੂ ਸਾਹਿਬਾਂ ਪਾਸ ਨਜ਼ਰਾਂ ਭੇਟ ਕਰਨ ਲਈ ਪਹੁੰਚਦੇ ਰਹੇ ਤੇ ਜਦ ਗੁਰੂ ਜੀ ਨੇ ਆਖ਼ਰੀ ਸਮੇਂ ਵਿਚ ਕੀਰਤਪੁਰ ਸਾਹਿਬ ਵਿਖੇ ਵਸੋਂ ਕਰ ਲਈ ਤਾਂ ਇਹ ਲੋਗ ਇਥੇ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਆਇਆ ਕਰਦੇ ਸਨ।

ਪਰ ਇਹ ਨਾ-ਖਲਫ਼ ਤੇ ਅਕਿਰਤਘਣ ਭੀਮ ਚੰਦ ਗੁਰੂ ਨਾਨਕ ਦੀ ਗਦੀ ਅਤੇ ਉਸ ਉਤੇ ਬਿਰਾਜਮਾਨ ਦਸਵੇਂ ਸਰੂਪ ਦਾ ਸਦਾ ਲਈ ਅੰਤ ਕਰਨ ਲਈ ਲੂਹਰੀਆਂ ਲੈ ਰਿਹਾ ਹੈ। ਆਪਣੇ ਨਾਪਾਕ ਤੇ ਖ਼ੁਦਗਰਜ਼ ਇਰਾਦਿਆਂ ਵਿਚ ਇਨਸਾਨ ਕਿੰਨਾ ਡਿਗ ਸਕਦੈ, ਇਸ ਦਾ ਇਥੋਂ ਭਲੀ ਭਾਂਤੀ ਅੰਦਾਜ਼ਾ ਹੋ ਸਕਦੈ। ਸ੍ਰੀ ਗੁਰੂ ਗੋਬਿੰਦ ਸਿੰਘ ਤੇ ਅਨੰਦਪੁਰ ਸਾਹਿਬ ਨੂੰ ਮਲੀਆਮੇਟ ਕਰਨ ਦੀ ਸਫਲਤਾ ਵਿਚ ਉਭਾਰ ਤੇ ਤੇਜ਼ੀ ਲਿਆਉਣ ਲਈ ਭੀਮ ਚੰਦ ਨੇ ਸੂਬਾ ਸਰਹੰਦ ਨੂੰ ਆਪਣੇ ਖ਼ਾਨਦਾਨ ਚੋਂ ਇਕ ਲੜਕੀ[2] ਦਾ ਸਾਕ ਤੇ ੨੦ ਹਜ਼ਾਰ ਨਕਦ ਦੇਣਾ ਕੀਤਾ। "ਇਸ ਨੇਕ ਕੰਮ" ਨੂੰ ਸਿਰੇ ਚੜ੍ਹਾਉਣ ਲਈ ਮੁਲਾਣੇ ਤੇ ਬ੍ਰਾਹਮਣ ਜਰਾਸਿੰਧ ਦੇ ਫਾੜਿਆਂ ਵਾਂਗ ਜੁੜ ਗਏ ਤੇ ਇਸ ਮੁਹਿੰਮ ਦੀ ਪਿਠ ਪੂਰਨ ਲਈ ਆ ਖਲੋਤੇ।

ਲਖਾਂ ਦੀ ਗਿਣਤੀ ਵਾਲੇ ਇਸ ਲਾਉ-ਲਸ਼ਕਰ ਨੇ ੮ ਮਹੀਨੇ ੨੬ ਦਿਨ ਅਨੰਦਪੁਰ ਸਾਹਿਬ ਦੁਆਲੇ ਘੇਰਾ ਪਾ ਛਡਿਆ। ਗੱਲ ਕਿਸੇ ਪਾਸੇ ਨਾ ਲਗਦੀ ਵੇਖ ਜ਼ੁਲਮ ਜਬਰ ਦੀਆਂ ਤਾਕਤਾਂ ਨੇ ਦਗੇ ਫ਼ਰੇਬ ਦਾ ਪੱਲਾ ਫੜਿਆ। ਕੁਰਾਨ ਪਾਕ ਤੇ ਗਊ ਦੀਆਂ ਕਸਮਾਂ ਮੂਹਰੇ ਕੀਤੀਆਂ ਕਿ ਤੁਸੀਂ ਅਨੰਦਪੁਰ ਛਡ ਕੇ ਕਿਲ੍ਹੇ ਤੋਂ ਬਾਹਰ


www.AKJ.Org

ਆ ਜਾਓ, ਤੁਹਾਡੇ ਤੇ ਕੋਈ ਹਮਲਾ ਨਹੀਂ ਕਰੇਗਾ। ਤੁਸੀਂ ਆਪਣੀ ਮਰਜ਼ੀ ਨਾਲ ਜਿਧਰ ਜੀਅ ਕਰੇ, ਜਾ ਸਕਦੇ ਹੋ। ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਬਹੁਤ ਸਮਝਾਇਆ ਕਿ ਇਹ ਸਭ ਦਗਾ ਹੈ, ਧੋਖਾ ਹੈ। ਕੁਝ ਦਿਨ ਹੋਰ ਡਟੇ ਰਹੋ। ਦੁਸ਼ਮਣ ਅੰਦਰੋਂ ਹਿਲ ਚੁਕਿਆ ਹੈ, ਇਹ ਇਥੋਂ ਭਜਾ ਕਿ ਭਜਾ। ਪਰ ਸਿੰਘਾਂ ਇਕ ਜ਼ਿਦ ਹੀ ਫੜ ਲਈ। ਮਾਤਾ ਗੁਜਰੀ ਜੀ ਤੋਂ ਵੀ ਆਪਣੇ ਪੱਖ ਵਿਚ ਅਖਵਾ ਲਿਆ ਕਿ ਕਿਲ੍ਹਾ ਛਡ ਦਿਤਾ ਜਾਵੇ। ਸਤਿਗੁਰੂ ਜੀ ਨੇ ਬਹੁ-ਮਤ ਤੇ ਸੰਮਤੀ-ਭੇਤ ਦੀ ਪ੍ਰਥਾ ਨੂੰ ਮੁਖ ਰਖਦਿਆਂ ਅਨੰਦਪੁਰ ਛਡਣਾ ਕਬੂਲ ਕਰ ਲਿਆ, ਪਰ ਨਾਲ ਹੀ ਸਿੰਘਾਂ ਨੂੰ ਇਸ ਚੋਂ ਨਿਕਲਣ ਵਾਲੇ ਸਿਟਿਆਂ ਤੋਂ ਵੀ ਜਾਣੂੰ ਕਰਾ ਦਿਤਾ। ਸਿੰਘਾਂ ਦੂਰ ਦੀ ਨਾ ਸੋਚੀ ਤੇ ਇੰਜ ਉਹਨਾਂ ਦੀ ਕਾਹਲ ਅਤੇ ਜ਼ਿਦ ਨੇ ਬੇਈਮਾਨ ਦਗੇਬਾਜ਼ਾਂ ਦੀ ਝੋਲੀ ਵਿਚ ਸਫਲਤਾ ਪਾ ਦਿਤੀ।

ਅਨੰਦਪੁਰ ਸਾਹਿਬ ਛੱਡ ਕੇ ਤੁਰਦਿਆਂ ਹੀ ਵੈਰੀ ਨੇ ਸਭ ਕਸਮਾਂ ਤੇ ਵਾਹਿਦੇ ਛਿੱਕੇ ਤੇ ਟੰਗ ਕੇ ਹਮਲਾ ਕਰ ਦਿਤਾ। ਪ੍ਰਵਾਰ-ਵਿਛੋੜੇ ਤੱਕ ਗਹਿਗਚ ਲੜਾਈ ਹੋਈ। ਦੁਵੱਲਿਓਂ ਸੂਰਮਿਆਂ ਦਿਲਾਂ ਦੀਆਂ ਰੀਝਾਂ ਪੂਰੀਆਂ ਕੀਤੀਆਂ। ਲੋਥ ਤੇ ਲੋਥ ਚੜ੍ਹ ਗਈ। ਹਜ਼ਾਰਾਂ ਸਿੰਘ ਸ਼ਹੀਦੀਆਂ ਪਾ ਗਏ। ਸਰਸਾ ਦੇ ਵਹਿਣ ਵਿਚ ਕੀਮਤੀ ਲਿਖਤਾਂ, ਜੋ ਵਿਦਿਆਧਰ ਦੇ ਰੂਪ ਵਿਚ ਸਨ, ਭੇਟ ਚੜ੍ਹ ਗਈਆਂ। ਗੁਰੂ ਪ੍ਰਵਾਰ ਵਿਛੜ ਗਿਆ। ਗੁਰੂ ਜੀ ਨਾਲ ਦੋਵੇਂ ਵੱਡੇ ਸਾਹਿਬਜ਼ਾਦੇ ਤੇ ੪੩ ਹੋਰ ਸਿੰਘ ਚਮਕੌਰ ਦੀ ਗੜ੍ਹੀ ਦਾ ਆਸਰਾ ਲੈ ਕੇ ਵੈਰੀ ਦੇ ਟਿੱਡੀ ਦਲ ਨਾਲ ਟਾਕਰਾ ਕਰਨ ਲਈ ਮੋਰਚਾ ਮੱਲ ਕੇ ਡਟ ਗਏ। ਅਗਲਾ ਸਾਰਾ ਦਿਨ ਲੜਾਈ ਹੁੰਦੀ ਰਹੀ। ਸ਼ਾਹੀ ਸੈਨਾ ਦੇ ਪਰ੍ਹੇ ਲਹਿਰਾਂ ਵਾਂਗ ਗੜ੍ਹੀ ਵਲ ਵਧਦੇ ਰਹੇ ਅਤੇ ਹਰ ਵਾਰ ਮੂੰਹ ਦੀ ਖਾ ਪਿਛੇ ਪਰਤਦੇ ਰਹੇ। ਜੰਗਾਂ ਯੁਧਾਂ ਦੇ ਇਤਿਹਾਸ ਵਿਚ ਇਹ ਇਕ ਅਨੋਖੀ ਜੰਗ ਸੀ। ਇਕ ਪਾਸੇ ਕਈ ਦਿਨਾਂ ਦੇ ਭੁਖੇ ਤਿਹਾਏ ਗਿਣਤੀ ਦੇ ੪੬ ਸੂਰਮੇ, ਜੋ ਜ਼ਖਮਾਂ ਤੇ ਉਨੀਂਦੇ ਨੇ ਚੂਰ ਕੀਤੇ ਹੋਏ ਹਨ, ਤੇ ਦੂਜੇ ਪਾਸੇ ਲਖਾਂ ਦੀ ਗਿਣਤੀ ਵਿਚ ਹਰ ਤਰ੍ਹਾਂ ਦੇ ਹਥਿਆਰਾਂ ਨਾਲ ਲੈਸ ਸ਼ਾਹੀ ਲਾਮ-ਲਸ਼ਕਰ। ਇਸ ਰਣ-ਭੂਮੀ ਵਿਚ ਵਡੇ ਵਡੇ ਮੁਗਲ ਪਠਾਣ ਯੋਧੇ ਖ਼ਾਕ ਚੱਟ ਕੇ ਧਰਤੀ ਤੇ ਸਦਾ ਲਈ ਸੌਂ ਗਏ। ਦੋਵੇਂ ਸਾਹਿਬਜ਼ਾਦੇ ਵੀ ਵੀਰਗਤੀ ਨੂੰ ਪ੍ਰਾਪਤ ਹੋ ਗਏ। ੩੮ ਹੋਰ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ਅਗਲੇ ਦਿਨ ਸੰਤ ਸਿੰਘ ਤੇ ਸੰਗਤ ਸਿੰਘ ਵੀ ਕੁਰਬਾਨ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਪੰਜ ਸਿੰਘਾਂ ਦੇ ਗੁਰਮਤੇ ਨੂੰ, ਜੋ ਹੁਕਮ ਰੂਪੀ ਸੀ, ਸਵੀਕਾਰ ਕਰਦੇ ਹੋਏ ਵੈਰੀ ਦੇ ਟਿੱਡੀ ਦਲ ਨੂੰ ਲਲਕਾਰਦੇ ਵਿਚ-ਦੀ ਚੀਰ ਕੇ ਨਿਕਲ ਗਏ। ਗੁਰੂ ਗੋਬਿੰਦ ਸਿੰਘ ਜੀ ਦਾ ਏਡੇ ਪੱਕੇ ਘੇਰੇ ਵਿਚ-ਦੀ ਜ਼ਿੰਦਾ ਬਚ ਕੇ ਨਿਕਲ ਜਾਣਾ ਸੂਬਾ ਸਰਹੰਦ ਬਾਯਜੀਦ ਖ਼ਾਨ ਦੀ ਸਭ ਤੋਂ ਵੱਡੀ ਹਾਰ ਸੀ।

ਫਿਰ ਸਰਹੰਦ ਦਾ ਖ਼ੂਨੀ ਸਾਕਾ ਹੋਇਆ, ਜਿਥੇ ਛੋਟੇ ਸਾਹਿਬਜ਼ਾਦੇ, ਜੋ ਅਜੇ ਸ਼ੀਰਖੋਰ ਮਾਸੂਮ ਬੱਚੇ ਸਨ, ਸੂਬਾ ਸਰਹੰਦ ਦੇ ਕਹਿਰ ਦਾ ਨਿਸ਼ਾਨਾ ਬਣੇ। ਇਥੇ ਹੀ ਨਾਲ ਦਾਦੀ ਮਾਂ ਨੇ ਆਪਣੀ ਜ਼ਿੰਦਗੀ ਵਾਰੀ। ਸੂਬਾ ਬਾਯਜ਼ੀਦ ਖ਼ਾਨ ਨੇ ਸ਼ੇਖੀ ਮਾਰੀ, ਅਨੰਦਪੁਰ ਮੈਂ ਢਾਹ-ਢੇਰੀ ਕਰ ਦਿਤਾ ਹੈ, ਖਾਲਸਾ ਮਾਰ ਮੁਕਾਇਆ ਹੈ, ਗੁਰੂ ਦਾ ਸਾਰਾ ਟੱਬਰ ਤਲਵਾਰ ਦੇ ਘਾਟ ਉਤਾਰ ਦਿਤਾ ਹੈ, ਇਕੱਲਾ ਗੋਬਿੰਦ ਸਿੰਘ ਮੇਰੇ ਅਗੇ ਕਿੰਨਾ ਕੁ ਚਿਰ ਅੜੇਗਾ, ਮੇਰੀ ਤੇਗੇ ਆਬਦਾਰ ਤੋਂ ਬਚ ਕੇ ਕਿਧਰੇ ਨਹੀਂ ਜਾ ਸਕਦਾ, ਪਲਾਂ ਘੜੀਆਂ ਦਾ ਪ੍ਰਾਹੁਣਾ ਹੈ।

ਹੋਰ ਕੋਈ ਫ਼ਿਰਕਾ ਜਾਂ ਕੌਮ ਹੁੰਦੀ ਤਾਂ ਵਾਕਿਆ ਹੀ ਬਾਯਜ਼ੀਦ ਖਾਨ ਦੀ ਸ਼ੇਖੀ ਸੱਚ ਸਾਬਤ ਹੋ ਜਾਂਦੀ, ਸਦਾ ਲਈ ਸਫ਼ਾਏ ਹਸਤੀ ਤੋਂ ਮਿਟ ਜਾਂਦੀ। ਪਰ ਵਾਹ ਸਾਹਿਬ ਗੁਰੂ ਗੋਬਿੰਦ ਸਿੰਘ ਤੇਰਾ ਜਿਗਰਾ, ਪ੍ਰਵਾਰ ਕੁਰਬਾਨ ਕਰ ਕੇ, ਪੁਤਾਂ ਨਾਲੋਂ ਪਿਆਰੇ ਸਿੰਘ ਦੇਸ਼ ਲਈ ਸ਼ਹੀਦ ਕਰਵਾ ਕੇ ਦਿਲ ਵਿਚ ਰਤਾ ਮਲਾਲ ਨਹੀਂ ਆਇਆ, ਕਮਜ਼ੋਰੀ ਨੇ ਝਲਕ ਨਹੀਂ ਵਿਖਾਈ। ਤੇਰੀ ਕਲਮ ਨੇ ਰੰਜ ਅਫ਼ਸੋਸ ਦੀਆਂ ਲਿਖਤਾਂ ਨਹੀਂ ਲਿਖੀਆਂ, ਸਗੋਂ ਫ਼ਤਹਨਾਮਾ, ਜ਼ਫ਼ਰਨਾਮਾ ਲਿਖ ਕੇ ਬਾਦਸ਼ਾਹ ਨੂੰ ਵੰਗਾਰਿਆ ਅਤੇ ਧਰਮ ਰਖਿਅਕ ਤੇ ਪੱਕਾ ਮੁਸਲਮਾਨ ਹੋਣ ਦਾ ਪਾਇਆ ਹੋਇਆ ਉਸ ਦਾ ਜਾਮਾ ਤਾਰ ਤਾਰ ਕਰ ਦਿਤਾ। ਉਨ੍ਹਾਂ ਲਿਖਿਆ—"ਬੁਤ ਪ੍ਰਸਤ ਪਹਾੜੀਆਂ ਨੇ ਮੇਰੇ ਉਤੇ ਜੰਗ ਠੋਸੀ, ਤੂੰ ਮੋਮਨ ਅਖਵਾਉਣ ਵਾਲਾ ਤੇ ਬੁੱਤ-ਸ਼ਿਕਨ ਹੋ ਕੇ ਉਹਨਾਂ ਦੀ ਮੇਰੇ ਵਿਰੁਧ ਸਹਾਇਤਾ ਕੀਤੀ। ਬਾਪ ਨੂੰ ਕੈਦ ਵਿਚ ਰੋਲ ਕੇ ਤੇ ਭਰਾਵਾਂ ਨੂੰ ਧੋਖਿਆਂ ਨਾਲ ਕੋਹ ਕੋਹ ਮਾਰਨ ਵਾਲੇ, ਕੁਰਾਨ ਦੀਆਂ ਕਸਮਾਂ ਤੋੜਨ ਵਾਲੇ



www.AKJ.Org

ਤੂੰ ਕਿਵੇਂ ਆਪਣੇ ਆਪ ਨੂੰ ਸੱਚਾ ਮੁਸਲਮਾਨ ਅਖਵਾ ਸਕਦੈਂ ? ਪਾਪ ਤੇ ਜ਼ੁਲਮ ਦਾ ਰਸਤਾ ਛੱਡ ਕੇ ਨੇਕੀ ਵਲ ਆ। ਲੜਾਈ ਦੀ ਤੇਰੇ ਦਿਲ ਵਿਚ ਸਿੱਕ ਹੋਵੇ ਤਾਂ ਜੀ ਸਦਕੇ ਤਾਣ ਲਾ ਕੇ ਆ, ਮੈਂ ਦੀਨੇ-ਕਾਂਗੜ ਬਰਾੜਾਂ ਦੇ ਦੇਸ ਬੈਠਾ ਤੇਰੀ ਉਡੀਕ ਵਿਚ ਹਾਂ। ਮੈਂ ਇਹ ਧਰਤੀ ਤੇਰੇ ਪੈਰਾਂ ਥੱਲੇ ਮੱਚਦੇ ਅੰਗਿਆਰ ਬਣਾ ਦਿਆਂਗਾ, ਤੈਨੂੰ ਭਜਣ ਨੂੰ ਰਾਹ ਨਹੀਂ ਲਭੇਗਾ। ਪਰ ਹਾਂ ਜੇ, ਤੂੰ ਨੀਅਤ ਰਾਸ ਨਾਲ ਤੋਬਾ ਕਰਦਾ ਇਨਸਾਨੀਅਤ ਦੇ ਰਾਹ ਚਲਣ ਵਾਲਾ ਬਣ ਕੇ ਆਵੇਂ ਤਾਂ ਮੈਂ ਤੇਰੇ ਤੇ ਰਹਿਮਤ ਦੀ ਬਾਰਸ਼ ਕਰ ਕੇ ਤੇਰੇ ਸਭ ਗੁਨਾਹ ਧੋ ਦਿਆਂਗਾ। ਤੂੰ ਸੁਰਖ਼ਰੂ ਹੋ ਕੇ ਅੱਲਾ ਪਾਕ ਦੇ ਹਜ਼ੂਰ ਜਾ ਸਕੇਂਗਾ।'' ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਹੋਰ ਕੌਣ ਇਹੋ ਜਿਹੇ ਸ਼ਬਦ, ਸਮੇਂ ਦੇ ਅਤੀ ਤਾਕਤਵਰ ਤੇ ਜ਼ਾਲਮ ਬਾਦਸ਼ਾਹ ਨੂੰ ਕਹਿ ਸਕਦਾ ਹੈ !

ਅਜੇ ਛੇ ਮਹੀਨੇ ਨਹੀਂ ਸਨ ਪਏ ਕਿ ਬਾਯਜ਼ੀਦ ਖ਼ਾਨ ਦੇ ਲਸ਼ਕਰ ਨੂੰ ਖਦਰਾਣੇ ਦੀ ਢਾਬ ਲਾਗੇ ਸਿੰਘਾਂ ਵਲੋਂ ਕਮਰ-ਤੋੜ ਸ਼ਕੱਸਤ ਦਿਤੀ ਗਈ ਸੀ। ਦੁਨੀਆ ਨੂੰ ਇਹ ਸਾਬਤ ਕਰ ਦਿਤਾ ਕਿ ਇਹ ਕੌਮ ਸੁੱਚਾ ਸਪਾਤ ਹੈ, ਇਹ ਗਰਮੀ ਸਰਦੀ ਨਾਲ ਤਿੜਕਣ ਟੁਟਣ ਵਾਲੀ ਮਿੱਟੀ ਦੀ ਬਣੀ ਹੋਈ ਨਹੀਂ।

**ਇਹ ਸਭ ਜ਼ਾਵੀਏ ਤੇ ਮਨਜ਼ਰ ਸਾਈਂ ਬੁਲ੍ਹੇ ਸ਼ਾਹ ਦੀਆਂ ਅੱਖਾਂ ਦੇ ਸਾਹਮਣੇ ਵਾਪਰੇ ਸਨ।**

ਬਾਦਸ਼ਾਹ ਜ਼ਫ਼ਰਨਾਮਾ ਪੜ੍ਹ ਕੇ ਬਿਲਬਿਲਾ ਉਠਿਆ। ਬੜਾ ਪਸਚਾਤਾਪ ਕੀਤਾ, ਜੋ ਉਸ ਵਲੋਂ ਆਪਣੇ ਪੁਤ ਮੁਅਜ਼ਮ ਨੂੰ ਲਿਖੀਆਂ ਚਿੱਠੀਆਂ ਚੋਂ ਜ਼ਾਹਰ ਹੁੰਦਾ ਹੈ। ਗੁਰੂ ਮਹਾਰਾਜ ਦੀ ਮੁਲਾਕਾਤ ਲਈ ਬਿਹਬਲ ਹੋ ਉਠਿਆ। ਪਰ ਸਮੇਂ ਨੇ ਉਸਦਾ ਸਾਥ ਨਾ ਦਿਤਾ। ਨਹੀਂ ਤਾਂ ਇਹ ਮੁਲਾਕਾਤ ਸਮੇਂ ਦਾ ਰੁਖ਼ ਫੇਰ ਦੇਂਦੀ ਅਤੇ ਇਤਿਹਾਸ ਕੁਝ ਹੋਰ ਹੀ ਹੁੰਦਾ।

## ਹਵਾਲੇ ਤੇ ਫੁਟ ਨੋਟ

੧. ਪਹਿਲੇ ਹਮਲੇ ਵਿਚ ਦਿਲੀਓਂ ਆਉਣ ਵਾਲੀ ਫੌਜ ਦੇ ਸਿਰਕਢ ਸਿਪਾਹ-ਸਾਲਾਰ ਅਮੀਰ ਖਾਨ ਦਸ-ਹਜ਼ਾਰੀ, ਨਜਾਬਤ ਖਾਨ ਤੇ ਵਜੀਦ ਖਾਨ ਸਨ। ਇਹ ਸਾਰੇ ਬੁਰੀ ਤਰ੍ਹਾਂ ਹਾਰ ਕੇ ਗਏ ਸਨ। ੧੭ ਫਗਣ ੧੭੫੯ ਬਿਕਰਮੀ ਨੂੰ ਇਹਨਾਂ ਅਨੰਦਪੁਰ ਸਾਹਿਬ ਨੂੰ ਘੇਰਿਆ ਸੀ। ਅਖ਼ੀਰ ੨੨ ਫਗਣ ੧੭੫੯ ਬਿ: ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਿਲ੍ਹੇ ਤੋਂ ਬਾਹਰ ਆ ਕੇ ਲੜਾਈ ਆਰੰਭ ਦਿਤੀ। ਸਰਦਾਰ ਅਜ਼ੀਮ ਖਾਨ ਇਕ ਨਾਮੀ ਸਿਪਾਹ ਸਾਲਾਰ ਤੇ ਪੈਂਦੇ ਖਾਨ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹਥੋਂ ਮਾਰੇ ਗਏ। ਹਰੀ ਚੰਦ ਜਸੋਵਾਲੀਏ ਨੂੰ ਗੁਰੂ ਜੀ ਦੇ ਇਕ ਸੇਵਾਦਾਰ ਮਾਮੂ ਖਾਨ ਨੇ ਥਾਂ ਰਖਿਆ। ਰਾਜਾ ਅਜਮੇਰ ਚੰਦ ਬੁਰੀ ਤਰ੍ਹਾਂ ਜ਼ਖਮੀ ਹੋਇਆ ਤੇ ਸ਼ਾਹੀ ਸੈਨਾ ਸਮੇਤ ਪਹਾੜੀ ਰਾਜਿਆਂ ਦੇ ਪੈਰ ਉਖੜ ਗਏ। ਸਿੰਘ ਰੋਪੜ ਤਾਈਂ ਮੋਢੀਂ ਚੜ੍ਹੇ ਗਏ ਤੇ ਅਨੇਕਾਂ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ।

ਇਹ ਅਗਲਾ ਹਮਲਾ ਪਹਿਲੀ ਸ਼ਿਕੱਸਤ ਦਾ ਬਦਲਾ ਲੈਣ ਵਜੋਂ ਸੀ। ਔਰੰਗਜ਼ੇਬ ਤਲਮਲਾਇਆ ਬੈਠਾ ਸੀ। ਜ਼ਫ਼ਰਬੇਗ ਦਿੱਲੀ ਵਾਲੀ ਸ਼ਾਹੀ ਫ਼ੌਜ ਦਾ ਮੁਖੀ ਸੀ। ਅਜ਼ੀਮ ਖ਼ਾਨ, ਦਲਾਵਰ ਖ਼ਾਨ ਤੇ ਸਫ਼ਦਰ ਖ਼ਾਨ ਲਾਹੌਰ ਮੁਲਤਾਨ ਵਾਲੀਆਂ ਫ਼ੌਜਾਂ ਦੇ ਸਿਪਾਹ-ਸਲਾਰ ਸਨ। ਅਜ਼ੀਮ ਖ਼ਾਨ ਤੇ ਦਲਾਵਰ ਖ਼ਾਨ ਅਨੰਦਪੁਰ ਸਾਹਿਬ ਲਾਗੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਥਲੇ ਹਮਲਾਵਰ ਸਿੰਘਾਂ ਹਥੋਂ ਮਾਰੇ ਗਏ ਸਨ। ਮੈਦਾਨ ਸਿਖਾਂ ਤ ਰਿਹਾ। ਹੁਣ ਦੁਸ਼ਮਣ ਨੇ ਅਨੰਦਪੁਰ ਸਾਹਿਬ ਦੇ ਨੇੜੇ ਢੁਕਣ ਦੀ ਥਾਂ ਦੂਰ ਰਹਿ ਕੇ ਘੇਰਾ ਪਾ ਲਿਆ, ਜੋ ਮਹੀਨਿਆਂ ਬਧੀ ਪਿਆ ਰਿਹਾ। ਇਸ ਘੇਰੇ ਦੀ ਹੀ ਇਕ ਲੜਾਈ ਵਿਚ ਰਾਜਾ ਡਡਵਾਲ ਤੇ ਜਸਵਾਲ, ਸਿੰਘਾਂ ਦੀ ਭਗੌਤੀ ਦੀ ਭੇਟ ਚੜ੍ਹ ਗਏ।

ਲਾਲਾ ਦੌਲਤ ਰਾਏ ਸਵਾਨਿ-ਉਮਰੀ ਗੁਰੂ ਗੋਬਿੰਦ ਸਿੰਘ ੨੫ ਜਨਵਰੀ ੧੯੦੧, ਉਰਦੂ,ਸਫਾ ੧੮੧-੧੮੨, ੧੮੩,੧੮੪,੧੮੫,੧੮੬

ਲਾਲਾ ਦੌਲਤ ਰਾਮ–ਸੁਆਨਿ ਉਮਰੀ ਗੁਰੂ ਗੋਬਿੰਦ ਸਿੰਘ, ਉਰਦੂ, ਸਫਾ ੧੮੦



www.AKJ.Org

# ਮਨੂੰ ਦੇ ਸੋਏ

[ਸ: ਅਤਰ ਸਿੰਘ 'ਨੀਰ', 62–ਸੈਨਿਕ ਵਿਹਾਰ, ਦਿਲੀ 34]

ਜਿਹੜੀ ਕੌਮ ਹੈ ਜਾਣਦੀ ਮਰਨਾ ਤੇ ਸੜਨਾ। ਦੇਸ਼ ਧਰਮ ਦੇ ਵਾਸਤੇ ਸੂਲੀ ਤੇ ਚੜ੍ਹਨਾ।
ਉਹ ਨਹੀਂ ਦਬੀਂਦੀ ਕਿਸੇ ਤੋਂ, ਨ ਮੰਨੇ ਗੁਲਾਮੀ। ਉਹਦੀ ਖ਼ਾਕ ਨੂੰ ਦੁਨੀਆ ਚੁੰਮਦੀ, ਝੁਕ ਕਰੇ ਸਲਾਮੀ।
ਮੀਰ ਮਨੂੰ ਨੇ ਸੋਚਿਆ, ਸਿਖ ਤਾਕਤ ਭਾਰੀ। ਸੀਨੇ ਦੇ ਵਿਚ ਖੁਭਦੀ ਨਿਤ ਸੂਲ ਕਰਾਰੀ।
ਹਰ ਪਾਸੇ ਇਹ ਖਿਲਰੇ, ਖਰੂਦ ਮਚਾਂਦੇ। ਬਧੇ ਹੋਏ ਵੀ ਕਿਸੇ ਤਰ੍ਹਾਂ, ਨਹੀਂ ਕਾਬੂ ਆਂਦੇ।
ਰਹਿਮ ਨ ਮੰਗਣ ਕਿਸੇ ਤੋਂ, ਨ ਡਰ ਹੀ ਮੰਨਦੇ। ਜਾਨ ਤਲੀ ਤੇ ਹਰ ਵਕਤ, ਨਹੀਂ ਕਿਸੇ ਨੂੰ ਖੰਨਦੇ।
ਦਿਲੀ ਹਕੂਮਤ ਪਿਟਦੀ, ਇਹ ਨਾਗ ਜ਼ਹਿਰੀਲੇ। ਮੰਨਣ ਕਿਸੇ ਦੀ ਈਨ ਨ, ਕਿਸੇ ਵੀ ਹੀਲੇ।
ਸੰਨ ਸਤਾਰਾਂ ਸੌ ਅਠਤਾਲੀਆ ਦੀਵਾਲੀ ਆਈ। ਅਦੀਨਾ ਬੇਗ ਦੇ ਨਾਲ ਉਸ ਵਿਉਂਤ ਬਣਾਈ।
ਰਾਮਰਾਉਣੀ ਨੂੰ ਘੇਰ ਕੇ ਸਿਖ ਨੌਂ ਸੌ ਮਾਰੇ। ਰਾਹ ਜਾਂਦੇ ਵੀ ਮੌਤ ਦੇ ਫੜ ਘਾਟ ਉਤਾਰੇ।
ਫਿਰ ਕੌੜਾ ਮਲ ਦੀਵਾਨ ਨੇ ਉਸਨੂੰ ਸਮਝਾਇਆ। ਸਿਖਾਂ ਦੇ ਨਾਲ ਲੜਨ ਤੋਂ ਉਸਨੂੰ ਹਟਾਇਆ।
ਅਬਦਾਲੀ ਚੜ੍ਹਿਆ ਆ ਰਿਹਾ ਪੰਜਾਬ ਦੇ ਵੱਲੇ। ਸ਼ਾਹਨਿਵਾਜ਼ ਵੀ ਕਰ ਰਿਹਾ ਸੀ ਉਸ ਤੇ ਹਲੇ।
ਔਖੀ ਉਸਨੂੰ ਦਿਸਦੀ ਸੀ ਜਾਨ ਬਚਾਣੀ। ਚੁਪ ਸਾਧਣੀ ਇਸ ਲਈ, ਉਸ ਚੰਗੀ ਜਾਣੀ।
ਸਤਾਰਾਂ ਸੌ ਬਵੰਜਾ, ਛੇ ਮਾਰਚ ਮਿਤੀ। ਮਾਮੂਦ ਬੂਟੀ ਦੀ ਜੰਗ ਅਬਦਾਲੀ ਜਿਤੀ।
ਕੌੜਾ ਮਲ ਗਿਆ ਮਾਰਿਆ ਇਸ ਜੰਗ ਵਿਚਾਲੇ। ਮਾੜੀ ਕੰਬੋ ਦੇ ਸੰਗਤ ਸਿੰਘ ਵੀ ਪਾਏ ਚਾਲੇ।
ਅਬਦਾਲੀ ਮਨੂੰ ਦੁਹਾਂ ਦੀ ਹੋਈ ਸੁਲਾਹ ਸਫਾਈ। ਖੁਲ੍ਹਿਆ ਰਸਤਾ ਮਨੂੰ ਲਈ, ਰਹੀ ਰੋਕ ਨ ਕਾਈ।
ਪਹਿਲੇ ਹੀ ਸੀ ਸਿੱਖਾਂ ਨੂੰ ਉਸ ਦਿਤੀਆਂ ਮਾਰਾਂ। ਪਲਾਨ ਬਣਾਏ ਨਵੇਂ ਹੁਣ, ਕਰ ਤੇਜ਼ ਕਟਾਰਾਂ।
ਮੋਮਨ ਖਾਨ ਮੀਰ ਤੇ ਹੁਸੈਨ ਕਸੂਰੀ। ਗਸ਼ਤੀ ਦਸਤੇ, ਨਿਸ਼ਾਨਚੀਆਂ ਦੀ ਜੁੰਡਲੀ ਪੂਰੀ।
ਸਿਖ ਮੁਕਾਵਣ ਵਾਸਤੇ ਘਲੇ ਹਰ ਪਾਸੇ। ਪਹਾੜ, ਜੰਗਲ, ਝੱਲ ਬੇਲਿਆਂ ਵਿਚ ਫੌਜੀ ਖਾਸੇ।
ਅਦੀਨਾ ਬੇਗ ਨੂੰ ਘਲਿਆ ਅਨੰਦਪੁਰ ਵਲੇ। ਦੀਵਾਲੀ ਉਤੇ ਖਾਲਸੇ ਉਸ ਮਾਰੇ ਡਲੇ।
ਮਾਝੇ ਵਿਚ ਖ਼ੁਦ ਮਨੂੰ ਨੇ ਜਾ ਕੇ ਸਿੱਖ ਘੇਰੇ। ਵੱਢੇ ਨਾਲ ਬੇਰਹਿਮੀਆਂ ਕਰ ਬੇਰੇ ਬੇਰੇ।
ਕਾਇਮ ਚੌਕੀਆਂ ਕੀਤੀਆਂ ਪੰਜਾਬ ਚਿ ਸਾਰੇ। ਚੌਕਾਂ, ਪੁਲਾਂ, ਨਦੀਆਂ ਦਰਯਾਈ ਕਿਨਾਰੇ।
ਖ੍ਵਾਜਾ ਮਿਰਜ਼ਾ ਚਾੜ੍ਹਿਆ ਦੇਇ ਕਈ ਸਕੀਮਾਂ। ਸਿਖ ਜ਼ਿੰਦਾ ਨਹੀਂ ਛਡਣੇ, ਕਰ ਦੇਣੇ ਕੀਮਾ।
ਮਿਲਿਆ ਜਿਥੇ ਸਿਖ ਕੋਈ, ਫੜ ਉਸਨੂੰ ਬੰਨ੍ਹਿਆ। ਨਾਲ ਮੁੰਗਲੀਆਂ ਕੁਟ ਕੁਟ ਸਿਰ ਉਸਦਾ ਭੰਨਿਆ।
ਸੈਂਕੜੇ ਹੀ ਸਿਖ ਨਿਤ ਨਖਾਸ ਦੀ ਥਾਵੇਂ। ਕੀਤੇ ਕਤਲ ਜਾਂਵਦੇ ਪਾ ਗਲ ਗਲਾਵੇਂ।
ਅਦੀਨਾ ਬਗ ਵੀ ਘੱਲਦਾ ਬੰਨ੍ਹ ਬੰਨ੍ਹ ਕੇ ਪੰਡਾਂ। ਦੂਜੇ ਤੀਜੇ ਸਿੱਖਾਂ ਦੇ ਸਿਰਾਂ ਦੀਆਂ ਗੰਢਾਂ।
ਐਦਾਂ ਲਗੇ ਹੋਏ ਸਭ ਸਿੱਖਾਂ ਦੇ ਵੈਰੀ। ਖ਼ਤਮ ਹੀ ਕਰਕੇ ਛਡਣੇ ਪੇਂਡੂ ਤੇ ਸ਼ਹਿਰੀ।
ਕੋਈ ਵੀ ਹੀਲਾ ਛਡਿਆ ਨ ਮਨੂੰ ਕਸਾਈ। ਬੁਢਾ ਨਢਾ ਜਵਾਨ ਸਭ, ਲਾ ਦੇਂਦੇ ਫਾਹੀ।
ਜਿਥੇ ਕਿਥੇ ਦਿਸਦਾ ਸਿਖ ਕਿਸੇ ਵੀ ਜਾ ਤੇ। ਕੁੱਤਿਆਂ ਵਾਂਗੂ ਭੌਂਕ ਕੇ ਪੈ ਜਾਂਦੇ ਧਾ ਕੇ।
ਬੋਟੀ ਬੋਟੀ ਨੋਚ ਕੇ ਟੁਕ ਦੇਂਦੇ ਪਾਪੀ। ਤੂੰਬਾ ਤੂੰਬਾ ਕਰ ਕੇ ਸੁਟ ਦੇਣ ਸਰਾਪੀ।
ਕਦੇ ਕਦੇ ਬਹਿ ਸਿਰੀਆਂ ਦੀ ਕੰਧ ਬਣਾਂਦੇ। ਬਣਾਅ ਬਣਾਅ ਕੇ ਕੰਧ ਨੂੰ ਫਿਰ ਆਪੇ ਢਾਂਹਦੇ।
ਹੋ ਕੇ ਦੁਆਲੇ ਸਿਰਾਂ ਦੇ ਫਿਰ ਮਾਰਨ ਖਿਲੀ। ਮੋਏ ਚੂਹੇ ਨਾਲ ਹੈ ਜਿਉਂ ਖੇਡਦੀ ਬਿਲੀ।
ਫਿਰ ਸੁਟਣ ਵਿਚ ਖੂਹ ਦੇ ਕਰ ਟੋਟੇ ਟੋਟੇ। ਪਿੰਜਰ ਸਿਰੀਆਂ ਟੁਕੜੇ ਸਾਬਤ ਤੇ ਛੋਟੇ।
ਜੱਦ ਮੁਕੇ ਸਾਹਵੇਂ ਦਿਸਣੋਂ ਬੁਢੇ ਗਭਰੇਟੇ। ਤਾਂ ਮੀਰ ਮਨੂੰ ਤੇ ਉਸਦੇ ਚੇਲੇ ਚਮਰੇਟੇ।



www.AKJ.Org

ਪਕੜਨ ਲਗ ਪਏ ਸਿੰਘਣੀਆਂ ਤੇ ਬਾਲ ਅੰਞਾਣੇ। ਕਰਨ ਤਸ਼ੱਦਦ ਉਨ੍ਹਾਂ ਤੇ ਜ਼ਾਲਮ ਜਰਵਾਣੇ।
ਡਕੀਆਂ ਅੰਦਰ ਭੋਰਿਆਂ, ਦੇਇ ਦੁਖ ਤਰਾਸਾ। ਐਪਰ ਉਹ ਨ ਥਿੜਕੀਆਂ, ਨ ਡੋਲੀਆਂ ਮਾਸਾ।
ਸਿਦਕਣ ਮਾਈਆਂ ਗਾਂਦੀਆਂ ਗੁਰ ਕਲਗੀਆਂ ਵਾਲੇ! ਸਿੱਖੀ ਸਿਦਕ ਨਿਭਾਵਣਾ ਬਣ ਕੇ ਰਖਵਾਲੇ।
ਤੇਰੇ ਹੱਥ ਹੀ ਲਾਜ ਹੈ, ਰਖ ਲਵੀਂ ਸਾਈਆਂ! ਕਾਂਗਾਂ ਜ਼ੁਲਮ ਹਨੇਰ ਦੀਆਂ, ਨੇ ਚੜ੍ਹ ਕੇ ਆਈਆਂ।
ਚਕੀਆਂ ਅਗੇ ਪੀਹਣ ਨੂੰ ਸਵਾ ਮਣ ਦਾਣੇ। ਦਿਨ ਨਿਕਲਦੇ ਕਈ ਕਈ ਰਹਿ ਭੁਖੇ ਭਾਣੇ।
ਬੱਚੇ ਵਿਲਕਣ ਦੁਧ ਬਿਨ, ਬਿਨ ਪੀਤੇ ਪਾਣੀ। ਫਿਰ ਵੀ ਸ਼ੁਕਰ ਮਨਾਂਵਦੀ ਪਈ ਮਾਂ ਰੰਜਾਣੀ।
ਨਵੇਂ ਸੂਰਜ ਹੀ ਹੋਂਵਦੀ ਨਿਤ ਨਵੀਂ ਕਰੜਾਈ। ਛਾਤੀ ਚੁੰਘਦੇ ਬੱਚਿਆਂ ਨੂੰ ਖੋਹ ਲੈਣ ਕਸਾਈ।
ਜੀਂਦੇ ਟੰਗਦੇ ਨੇਜ਼ਿਆਂ ਤੇ ਭੁੰਜੇ ਪਟਕਾਂਦੇ; ਟੁਕੜੇ ਕਰ ਕਰ ਉਨ੍ਹਾਂ ਦੇ ਫਿਰ ਹਾਰ ਬਣਾਂਦੇ।
ਪਰ ਸ਼ਾਂਤ ਨਿਗਾਹਾਂ ਰੱਤੀਆਂ ਕਰਦੀਆਂ ਅਰਦਾਸਾਂ। ਸਿੱਖੀ ਨਿਭਾਈ ਨਿਮਾਣੀਆਂ ਦੀ ਨਾਲ ਸੁਆਸਾਂ।
ਹੱਸ ਹੱਸ ਪਵਾਂਦੀਆਂ ਗਲਾਂ ਵਿਚ ਉਹ ਹਾਰ ਬਣਾਏ। ਸ਼ੁਕਰ ਸਬਰ ਕਰ ਜਰਦੀਆਂ, ਜੋ ਸਿਰ ਤੇ ਆਏ।
ਜ਼ਾਲਮ ਤੁੰਨਣ ਮੂੰਹ ਵਿਚ ਬੱਚਿਆਂ ਦੇ ਜੇਰੇ। ਫਿਰ ਵੀ ਸਿਦਕਣ ਮਾਈਆਂ ਦੇ ਨ ਮਿਸਕੇ ਜੇਰੇ।
ਮੀਰ ਮਨੂੰ ਦੇ ਜ਼ੁਲਮ ਨੇ ਸਭ ਹੱਦ ਮੁਕਾਈ। ਪਰ ਜ਼ਰਾ ਨ ਸਿੱਖ ਦੀ ਸਿੱਖੀ ਨੂੰ ਕੋਈ ਆਂਚ ਸੀ ਆਈ।
ਜਿਉਂ ਜਿਉਂ ਮਨੂੰ ਵੱਢਦਾ ਤਿਉਂ ਤਿਉਂ ਇਹ ਫਲਦੇ। ਅਤਿਆਚਾਰ ਜੋ ਆਂਵਦੇ, ਸਭ ਸਿਰ ਤੇ ਝਲਦੇ।
ਹਰ ਥਾਂ ਮਨੂੰ ਦੇ ਜ਼ੁਲਮ ਦੀ ਬਣ ਗਈ ਕਹਾਣੀ। ਸਹਿ ਸਹਿ ਮਾਰਾਂ ਸਿੰਘਣੀਆਂ ਸਿਖ ਬੋਲਣ ਬਾਣੀ:
"ਮਨੂੰ ਸਾਡੀ ਏ ਦਾਤਰੀ, ਅਸੀਂ ਮਨੂੰ ਦੇ ਸੋਏ। ਜਿਉਂ ਜਿਉਂ ਮਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।"
ਪਰਵਾਹ ਅਸਾਨੂੰ ਮਨੂੰ ਦੀ ਨਹੀਂ ਰੱਤੀ ਭਰ ਦੀ। ਰੱਖੀ ਇਕੋ ਓਟ ਹੈ ਅਸਾਂ ਕਲਗੀਧਰ ਦੀ।
ਪੰਥ ਹੈ ਜਿਸ ਨੇ ਸਾਜਿਆ, ਹੈ ਉਹਦਾ ਸਹਾਰਾ। ਪੰਜਾਬ ਗੁਰੂ ਦੇ ਨਾਂਅ ਤੇ, ਹੈ ਜੀਂਦਾ ਸਾਰਾ।
ਬੱਚੇ ਬੱਚੀਆਂ ਗਭਰੂ ਤੇ ਤੀਵੀਆਂ ਮਾਈਆਂ। ਜ਼ੁਲਮ ਮਨੂੰ ਦਾ ਸਮਝਦੀਆਂ, ਹਨ ਫਲ ਮਿਠਾਈਆਂ।
ਜਿਨ੍ਹਾਂ ਸ਼ਹੀਦਾਂ ਵਾਰੀਆਂ ਨੇ ਅਪਣੀਆਂ ਜਾਨਾਂ। ਖ਼ੂਨ ਉਨ੍ਹਾਂ ਦਾ ਕੌਮ ਨੂੰ ਕਰ ਦੇਊ ਸ਼ਹਾਨਾ।
ਇਕ ਇਕ ਬੂੰਦ ਇਨ੍ਹਾਂ ਦੀ ਚੋਂ ਉਠਣੇ ਸ਼ੋਅਲੇ। ਸਾੜ ਹਕੂਮਤ ਨੂੰ ਕਰਨ ਜੋ ਕੋਲੇ ਕੋਲੇ।
ਲਾਲੀ ਖ਼ੂਨ ਸ਼ਹੀਦ ਦੇ, ਦੀ ਐਸੀ ਆਲੀ। ਕਿਰਨ ਨਿਕਲਦੀ ਜਿਸ ਚੋਂ, ਹੈ ਬੜੀ ਕਮਾਲੀ।
ਕਰ ਦੇਵੇ ਦੂਰ ਗੁਲਾਮੀਆਂ ਦੇ ਜੋ ਹਨੇਰੇ। ਅਣਖ ਜਗਾਅ ਕੇ ਕੌਮ ਦੀ ਜੋ ਅਣਖ ਪਰੇਰੇ।
ਲਾਟ ਇਹਦੀ ਤੇ ਆਂਵਦੇ ਆਸ਼ਕ ਪਰਵਾਨੇ। ਸਾਹਸ ਜਿਨ੍ਹਾਂ ਤੋਂ ਲੈਣ ਪਏ, ਸਭ ਨਵੇਂ ਪੁਰਾਨੇ।
ਸਮੇਂ ਦੇ ਝਖੜ ਝੁਲ ਰਹੇ, ਪਰ ਦੇਸ ਹੈ ਸਾਡਾ। ਪਾਪੀ ਨਾਲੋਂ ਪਾਪ ਹੀ ਹੈ ਉਸਦਾ ਡਾਢਾ।
ਜੀਵਨ ਲਗਣ ਅਮੋਲਵੇਂ, ਨਹੀਂ ਰਤਾ ਵੀ ਝੋਰਾ। ਤੌਕ ਗੁਲਾਮੀ ਕਟਣਾ ਕਰ ਭੋਰਾ ਭੋਰਾ।
ਆਸ਼ਕ ਸਦਾ ਹੀ ਰਖਦਾ ਹੈ ਸਿਰ ਹਥੇਲੀ। ਕੁਦਰਤ ਐਸੇ ਸਾਦਕਾਂ ਦੀ ਸਾਥਣ ਬੇਲੀ।

ਮਨੂੰ ਲਾਇਆ ਕੈਂਪ ਸੀ ਵਿਚ ਮਲਕਪੁਰ ਜਾ ਕੇ। ਸ਼ਿਕਾਰ ਕਰੇ ਉਹ ਸਿਖਾਂ ਦਾ ਨਿਤ ਦਾਅ ਲਗਾ ਕੇ।
ਘੋੜੇ ਚੜ੍ਹਿਆ ਜਾ ਰਿਹਾ ਸਿੱਖਾਂ ਦੇ ਪਿੱਛੇ। ਰੋਹ ਬੜੇ ਵਿਚ ਖੰਘਦਾ ਘੂਰੇ ਤੇ ਨਿੱਛੇ।
ਐਨੇ ਵਿਚ ਇਕ ਇਲ ਆ ਉਪਰੋਂ ਦੀ ਛੋਹਿਆ। ਘੋੜਾ ਹੋਇਆ ਅਥਰਾ, ਕੁਦ ਭੱਜ ਪਲੋਇਆ।
ਮਛਰਿਆ ਘੋੜਾ ਬੜਾ ਹੀ ਪਿਆ ਮਾਰੇ ਛੜੀਆਂ। ਮਨੂੰ ਰੋਕਾਂ ਪਾਈਆਂ ਕਰ ਹਿੰਮਤਾਂ ਬੜੀਆਂ।
ਡਕਿਆ ਗਿਆ ਨ ਉਸਤੋਂ ਮੂਲੋਂ ਹੀ ਘੋੜਾ। ਡਿਗਿਆ ਮਨੂੰ ਧੜਾਮ ਕਰ, ਜਿਉਂ ਵਦਾਨ ਹਥੌੜਾ।
ਪੈਰ ਉਹਦਾ ਰਕਾਬ ਵਿਚ ਰਿਹਾ ਡਾਢਾ ਫਸਿਆ। ਘੋੜਾ ਹੋ ਬੇਲਗਾਮ, ਘਸੀਟਦਾ ਨਸਿਆ।
ਰੋੜਾਂ ਪੱਥਰਾਂ ਮਿੱਟੀ ਤੇ ਪਟਕੀਂਦਾ ਹੋਇਆ। ਕੰਡਿਆਂ ਮੁਢਾਂ ਝਾੜੀਆਂ ਵਿਚ ਧਰਕੀਂਦਾ ਹੋਇਆ।
ਨਵੰਬਰ ਸਤਾਰਾਂ ਸੌ ਤਰਵੰਜਾ ਬੁਰੇ ਤਰੀਕੇ। ਤੁਰ ਗਿਆ ਉਹ ਸੰਸਾਰ ਤੋਂ ਇਉਂ ਗੰਦਾ ਥੀ ਕੇ।
ਮੀਰ, ਮੁਸੱਦੀ, ਮੁਨਸ਼ੀ, ਨ ਸਾਥੀ ਕੋਈ। ਮੋਇਆ ਕੁੱਤਿਆਂ ਵਾਂਗਰ, ਇਉਂ ਹਾਲਤ ਹੋਈ।
ਐਪਰ ਸਿੰਘਾਂ ਸਿੰਘਣੀਆਂ ਦੀ ਯਾਦ ਪਿਆਰੀ। ਰੋਜ਼ ਮਨਾਂਦੀ 'ਨੀਰ' ਸਿਦਕ ਸੰਗ ਦੁਨੀਆ ਸਾਰੀ। (੩੮)

www.AKJ.Org

# ਗੁਰਦੁਆਰਾ ਗੰਗਸਰ—ਜੈਤੋ ਦਾ ਮੋਰਚਾ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ]

ਮਹਾਰਾਜਾ ਨਾਭਾ ਅਗਾਂਹਵਧੂ ਵਿਚਾਰਾਂ ਵਾਲਾ ਹੋਣ ਕਰਕੇ, ਅੰਗਰੇਜ਼ੀ ਸਰਕਾਰ ਦੀਆਂ ਨਜ਼ਰਾਂ ਵਿੱਚ ਰੜਕਦਾ ਸੀ। ਇਸ ਲਈ ਕਈ ਖੜਯੰਤਰ ਘੜ ਕੇ ੯ ਜੁਲਾਈ ੧੯੨੩ ਨੂੰ ਉਸ ਨੂੰ ਗੱਦੀਓਂ ਲਾਹ ਦਿੱਤਾ ਗਿਆ। ਪ੍ਰੋਫੈਸਰ ਰੁਚੀ ਰਾਮ ਸਾਹਨੀ ਨੇ ਆਪਣੀ ਪੁਸਤਕ "Struggle for Refom in Sikh Shrine" ਵਿਚ ਲਿਖਿਆ ਹੈ "ਆਮ ਲੋਕਾਂ ਵਿਚ ਮਹਾਰਾਜਾ ਨਾਭਾ ਹਰਮਨ ਪਿਆਰਾ ਸੀ ਤੇ ਲੋਕ ਉਸ ਨੂੰ ਫੇਰ ਗੱਦੀ ਤੇ ਬਹਾਲ ਵੇਖਣਾ ਚਾਹੁੰਦੇ ਸਨ।" ਇਸੇ ਸੰਬੰਧ ਵਿਚ ਗੁਰਦੁਆਰਾ ਗੰਗਸਰ ਵਿਖੇ ਲੋਕਾਂ ਨੇ "ਰੋਸ-ਦੀਵਾਨ" ਕਰ ਕੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਸਰਕਾਰ ਨੇ "ਪਾਇਓਨੀਅਰ" ਅਲਾਹਬਾਦ ਵਿਚ ਖ਼ਬਰ ਛਪਵਾਈ ਕਿ "ਅਕਾਲੀਆਂ ਨੇ ਗੁਰਦੁਆਰਾ ਗੰਗਸਰ ਉਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਹੈ।"

ਪਹਿਲੀ ਸਤੰਬਰ ੧੯੨੩ ਨੂੰ ਅਕਾਲੀ ਦਲ ਨੇ ਗੁਰਦੁਆਰਾ ਗੰਗਸਰ (ਜੈਤੋ) ਵਿਖੇ ਇੱਕ ਜੱਥਾ ਕੇਵਲ ਇਸ ਲਈ ਭੇਜਿਆ ਕਿ ਧਾਰਮਿਕ ਦੀਵਾਨ ਕਰਨ ਦਾ ਹੱਕ ਕਾਇਮ ਰਖਿਆ ਜਾ ਸਕੇ। ਪਰ ਰਿਆਸਤ ਨਾਭਾ ਦੇ ਮੁੱਖ ਪ੍ਰਬੰਧਕ ਨੇ ਮਾਰਸ਼ਲ-ਲਾਅ ਲਗਾ ਕੇ ਹਰ ਪ੍ਰਕਾਰ ਦੇ ਇਕੱਠ ਬੰਦ ਕਰ ਦਿੱਤੇ। ਕੁਝ ਦਿਨ ਇਸ ਤਰ੍ਹਾਂ ੨੫-੨੫ ਸਿੰਘਾਂ ਦੇ ਜੱਥੇ ਜਾਂਦੇ ਰਹੇ। ਪੁਲੀਸ ਇਨ੍ਹਾਂ ਨੂੰ ਫੜ ਕੇ ਰਿਆਸਤ ਤੋਂ ਬਾਹਰ ਦੂਰ ਲੈ ਜਾ ਕੇ ਛੱਡ ਦਿੰਦੀ।

ਚਾਰ ਸਤੰਬਰ ੧੯੨੩ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੈਤੋ ਦੇ ਮੋਰਚੇ ਨੂੰ ਆਪਣੇ ਹੱਥਾਂ ਵਿੱਚ ਲੈ ਕੇ ੯ ਸਤੰਬਰ ਨੂੰ ਮਹਾਰਾਜਾ ਨਾਭਾ ਦੀ ਬਹਾਲੀ ਵਾਸਤੇ ਜਲੂਸ ਕੱਢਿਆ ਤੇ ਦੀਵਾਨ ਕਰਨੇ ਸ਼ੁਰੂ ਕਰ ਦਿੱਤੇ। ਯਾਰ੍ਹਾਂ ਤੇ ਚੌਦ੍ਹਾਂ ਸਤੰਬਰ ਨੂੰ ਮੁਕਤਸਰ ਤੋਂ ਦੋ ਜੱਥੇ ਗੁਰਦੁਆਰਾ ਗੰਗਸਰ ਪੁਜੇ ਤੇ ਉਨ੍ਹਾਂ ਉਥੇ ਅਖੰਡ ਪਾਠ ਆਰੰਭ ਕਰ ਦਿੱਤਾ। ਰਿਆਸਤ ਦੀ ਪੁਲੀਸ ਨੇ ੩੦ ਚੋਣਵੇਂ ਆਗੂ ਗੁਰਦੁਆਰੇ ਦੇ ਬਾਹਰੋਂ, ੩੦ ਹੋਰ ਸਿੰਘ ਗੁਰਦੁਆਰੇ ਦੇ ਅੰਦਰੋਂ ਗ੍ਰਿਫਤਾਰ ਕਰ ਲਏ। ਪਾਠ ਤੇ ਬੈਠੇ ਪਾਠੀ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ, ਜਿਸ ਕਾਰਨ ਅਖੰਡ-ਪਾਠ ਖੰਡਿਤ ਹੋ ਗਿਆ। ਇਸ ਨਾਲ ਸਿੱਖ-ਸੰਗਤਾਂ ਵਿਚ ਜੋਸ਼ ਤੇ ਰੋਸ ਹੋਰ ਵੱਧ ਗਿਆ। ਸਿੰਘ ਇਹ ਕਰਤੂਤ ਕਦਾਚਿਤ ਸਹਿਣ ਨਹੀਂ ਕਰ ਸਕਦੇ ਸਨ। ੧੪ ਸਤੰਬਰ ਤੋਂ ੨੫ ਸਿੰਘਾਂ ਦਾ ਜੱਥਾ ਰੋਜ਼ ਅਕਾਲ-ਤਖਤ ਸਾਹਿਬ ਤੋਂ ਭੇਜਿਆ ਜਾਣ ਲੱਗਾ। ਮਨੋਰਥ ਅਖੰਡ ਪਾਠ ਕਰਨਾ ਤੇ ਖੰਡਿਤ ਹੋਏ ਪਾਠ ਦਾ ਪ੍ਰਾਸਚਿਤ ਕਰਨਾ ਸੀ। ਇਹ ਸਿਲਸਿਲਾ ਕੋਈ ੭ ਮਹੀਨੇ ਚਲਦਾ ਰਿਹਾ। ਜੱਥਿਆਂ ਨੂੰ ਗ੍ਰਿਫਤਾਰ ਕਰ ਕੇ, ਟਰੱਕਾਂ ਵਿਚ ਸੁੱਟ ਕੇ, ਜੰਗਲਾਂ-ਬਿਆਬਾਨਾਂ ਵਿਚ ਛੱਡ ਆਉਂਦੇ, ਜਿਥੋਂ ਸਿੰਘ ਭੁਖੱਣ-ਭਾਣੇ ਪੈਦਲ ਔਕੜਾਂ ਝੱਲਦੇ ਹੋਏ ਫਿਰ ਮੁੜ ਆਉਂਦੇ। ਉਨ੍ਹਾਂ ਦੇ ਦਿੱਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਪਿਆਰ ਤੇ ਸਤਿਕਾਰ ਦਾ ਜਜ਼ਬਾ ਠਾਠਾਂ ਮਾਰਦਾ ਸੀ, ਹੌਲੀ ਹੌਲੀ ਇਸ ਮੋਰਚੇ ਦਾ ਚਰਚਾ ਸਾਰੇ ਦੇਸ਼ ਵਿਚ ਹੋਣ ਲੱਗਾ।

੧੨ ਅਕਤੂਬਰ ੧੯੨੩ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਨੂੰ ਕਾਨੂੰਨ-ਵਿਰੁਧ ਕਰਾਰ ਦੇ ਕੇ ਵੱਡੇ ਵੱਡੇ ਅਕਾਲੀ ਆਗੂ ਫੜ ਲਏ ਗਏ। ਅੰਮ੍ਰਿਤਸਰ ਸ਼ਹਿਰ ਦੇ ਦਰਵਾਜ਼ਿਆਂ ਉਤੇ ਮਸ਼ੀਨਗੰਨਾਂ ਬੀੜ ਦਿਤੀਆਂ ਗਈਆਂ। ਫੌਜੀ ਪਹਿਰੇ ਲਗਾ ਦਿਤੇ ਗਏ। ਸ਼ਹਿਰ ਵਿਚ ਅੱਧ-ਪਚੱਧਾ ਮਾਰਸ਼ਲ-ਲਾਅ ਲਾਗੂ ਕਰ ਦਿਤਾ ਗਿਆ।

੭ ਜਨਵਰੀ ੧੯੨੪ ਨੂੰ ਅਕਾਲ ਤਖਤ ਸਾਹਿਬ ਤੇ ਸ਼ਰੋਮਣੀ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਗੰਗਸਰ ਵਿਖੇ ਖੰਡਿਤ ਹੋਏ ਪਾਠ ਦਾ ਪ੍ਰਾਸਚਿਤ ਕਰਨ ਲਈ ੧੦੧ ਅਖੰਡ ਪਾਠ ਕਰਨ ਦਾ ਫ਼ੈਸਲਾ ਕੀਤਾ ਗਿਆ। ੬੨ ਅਕਾਲੀਆਂ ਨੇ ਘੰਟਾ ਘਰ ਵਾਲੇ ਪਾਸੇ ਜਾ ਕੇ ਗ੍ਰਿਫ਼ਤਾਰੀ ਦਿਤੀ। ੫੫ ਸਾਲ ਤੋਂ ਉਪਰ ਉਮਰ ਵਾਲੇ ਅਕਾਲੀਆਂ ਨੂੰ ਇਕ-ਇਕ ਸਾਲ ਦੀ ਕੈਦ ਤੇ ੫੦੦-੫੦੦ ਰੁਪਏ ਜੁਰਮਾਨਾ ਜਾਂ ਤਿੰਨ ਮਹੀਨੇ ਦੀ ਵਾਧੂ ਕੈਦ ਸੁਣਾਈ ਗਈ। ਬਾਕੀਆਂ ਨੂੰ ਦੋ-ਦੋ ਸਾਲ ਕੈਦ, ੫੦੦-੫੦੦ ਰੁਪਏ ਜੁਰਮਾਨਾ ਜਾਂ ਤਿੰਨ-ਤਿੰਨ ਮਹੀਨੇ ਦੀ



www.AKJ.Org

ਹੋਰ ਸਖ਼ਤ ਕੈਦ ਸੁਣਾਈ ਗਈ। ਬਾਵਜੂਦ ਇਨ੍ਹਾਂ ਸਜ਼ਾਵਾਂ ਦੇ ਸ਼ਰੋਮਣੀ ਕਮੇਟੀ ਬਾਕਾਇਦਾ ਕੰਮ ਕਰਦੀ ਰਹੀ। ਅੰਮ੍ਰਿਤਸਰ ਦੇ ਬਾਜ਼ਾਰਾਂ ਵਿਚ ਅਕਾਲੀ "ਅਸੀਂ ਬਾਗ਼ੀ ਜਮਾਤ ਦੇ ਮੈਂਬਰ ਹਾਂ" ਦੇ ਨਾਅਰੇ ਲਗਾਂਦੇ ਫਿਰਦੇ ਸਨ, ਪਰ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਸੀ ਕੀਤਾ ਜਾਂਦਾ।

ਇਸ ਮੋਰਚੇ ਦਾ ਕੇਂਦਰ ਤਾਂ ਭਾਵੇਂ ਜੈਤੋ ਸੀ, ਪਰ ਪਟਿਆਲਾ ਤੇ ਫ਼ਰੀਦਕੋਟ ਰਿਆਸਤਾਂ ਵਿਚ ਵੀ ਬੜਾ ਜ਼ੋਰ ਸੀ। ਸਰਹੰਦ, ਭਵਾਨੀਗੜ੍ਹ, ਬਰਨਾਲਾ, ਠੀਕਰੀਵਾਲਾ, ਰਾਜਪੁਰਾ, ਸੁਨਾਮ ਆਦਿ ਥਾਵਾਂ ਤੋਂ ਵੀ ਜੱਥੇ ਆਏ। ਨਾਭੇ ਦੇ ਮੁੱਖ-ਪ੍ਰਬੰਧਕ ਵਿਲਸਨ ਨੂੰ ਹਰ ਪ੍ਰਕਾਰ ਦੇ ਅਧਿਕਾਰ ਦਿਤੇ ਹੋਏ ਸਨ। ਉਹ ਮਰਦਾਂ ਨੂੰ ਕਤਲ ਕਰਨ ਤੇ ਇਸਤ੍ਰੀਆਂ ਨੂੰ ਮਾਰਨ-ਕੁੱਟਣ ਨੂੰ ਮਾਮੂਲੀ ਗੱਲ ਸਮਝਦਾ ਸੀ। ਉਸ ਨੇ ਪੰਜ ਮਹੀਨਿਆਂ ਵਿਚ ਨੱਬੇ ਸਿੰਘਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਤੇ ੧੨੦੦੦ ਕੋਲੋਂ ਨੇਕ-ਚਲਣੀ ਦੀਆਂ ਜ਼ਮਾਨਤਾਂ ਲਈਆਂ।

ਕੇਂਦਰੀ ਸਰਕਾਰ ਨੇ ਸਤੰਬਰ ੧੯੨੩ ਵਿਚ ਹੀ ਫ਼ੈਸਲਾ ਕਰ ਲਿਆ ਸੀ ਕਿ ਮੋਰਚੇ ਸਮੇਂ ਅਕਾਲੀ-ਜੱਥਿਆਂ ਨਾਲ ਕਿਵੇਂ ਨਿਪਟਣਾ ਹੈ। ਜੈਤੋ ਦੇ ਗੁਰਦੁਆਰੇ ਵਿਚੋਂ ਅਕਾਲੀਆਂ ਨੂੰ ਕੱਢਣ ਲਈ ਹਰ ਯਤਨ ਕੀਤਾ ਜਾ ਰਿਹਾ ਸੀ। ਨਾ ਕੋਈ ਗੁਰਦੁਆਰੇ ਅੰਦਰੋਂ ਬਾਹਰ ਆ ਸਕਦਾ ਸੀ, ਨਾ ਬਾਹਰੋਂ ਅੰਦਰ ਜਾ ਸਕਦਾ ਸੀ। ਨਾ ਹੀ ਰਸੱਦ-ਪਾਣੀ ਅੰਦਰ ਜਾਣ ਦਿਤਾ ਜਾਂਦਾ ਸੀ। ਅੰਦਰਲੇ ਸਿੰਘ ਗੰਭੀਰ ਰੂਪ ਵਿਚ ਭੁੱਖ ਤੇ ਬਿਮਾਰੀ ਕਾਰਨ ਪ੍ਰੇਸ਼ਾਨ ਸਨ।

ਅੰਤ ੯ ਫ਼ਰਵਰੀ ਨੂੰ ੫੦੦ ਚੋਣਵੇਂ ਸਿੰਘਾਂ ਦਾ ਪਹਿਲਾ ਸ਼ਹੀਦੀ-ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੱਥੇਦਾਰ ਊਧਮ ਸਿੰਘ ਵਰਪਾਲ ਦੀ ਜੱਥੇਦਾਰੀ ਹੇਠਾਂ ਪੂਰਨ ਸ਼ਾਂਤਮਈ ਰਹਿਣ ਦੀ ਅਰਦਾਸ ਕਰ ਕੇ ਜੈਤੋ ਵਿਚ ਖੰਡਿਤ ਹੋਏ ਅਖੰਡ ਪਾਠ ਨੂੰ ਮੁੜ ਤੋਂ ਅਰੰਭ ਕਰਨ ਲਈ ਚੱਲਿਆ। ਜੱਥੇ ਦਾ ਪਿੰਡ ਪਿੰਡ ਵਿਚ ਸੁਆਗਤ ਹੋਇਆ। ਸੜਕਾਂ ਉਤੇ ਲੋਕ ਦੁੱਧ ਤੇ ਰੋਟੀਆਂ ਲੈ ਕੇ ਘੰਟਿਆਂ ਬੱਧੀ ਜੱਥੇ ਦੀ ਉਡੀਕ ਵਿਚ ਖੜੋਤੇ ਰਹਿੰਦੇ। ਲੋਕਾਂ ਵਿਚ ਅਥਾਹ ਜੋਸ਼ ਸੀ। ਡਿਪਟੀ-ਕਮਿਸ਼ਨਰ ਅੰਮ੍ਰਿਤਸਰ ਦੀ ਇਕ ਰਿਪੋਰਟ ਅਨੁਸਾਰ ਜੱਥਾ ਜਿੱਥੋਂ ਲੰਘ ਕੇ ਜਾਂਦਾ ਸੀ; ਲੋਕ ਉਥੋਂ ਦੀ ਧੂੜ ਚੁੱਕ ਕੇ ਮੱਥੇ ਨੂੰ ਲਾਂਦੇ ਸਨ। (ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ ੩੦੩)

ਅੰਤ ਜਦੋਂ ਇਹ ਜੱਥਾ ਜੈਤੋ ਦੀਆਂ ਜੂਹਾਂ ਵਿਚ ਪੁੱਜਾ ਤਾਂ ਲੱਗ ਪਗ ਛੇ ਹਜ਼ਾਰ ਹੋਰ ਲੋਕ ਵੀ ਆਲੇ-ਦੁਆਲੇ ਜਮ੍ਹਾ ਹੋ ਗਏ। ਇਹ ਵਹੀਰ ਛੇ ਸੌ ਗਜ਼ ਦੀ ਚੌੜਾਈ ਵਿਚ ਅੱਗੇ ਵੱਧ ਰਹੀ ਸੀ। ਮੁੱਖ ਪ੍ਰਬੰਧਕ ਪੰਜ ਹੋਰ ਸਰਕਾਰੀ ਅਧਿਕਾਰੀਆਂ ਨਾਲ ਜੱਥੇ ਨੂੰ ਕੋਈ ਸੌ ਗਜ਼ ਅੱਗੇ ਹੋ ਕੇ ਮਿਲਿਆ ਤੇ ਜੱਥੇ ਨੂੰ ਰੁਕਣ ਲਈ ਕਿਹਾ, ਪਰ ਜੱਥਾ ਗੁਰਦੁਆਰਾ ਟਿੱਬੀ ਸਾਹਬ ਵਲ ਵੱਧਦਾ ਗਿਆ। ਮੁੱਖ-ਪ੍ਰਬੰਧਕ ਨੇ ਜੱਥੇ ਉਤੇ ਬਕਸੌਟਸ ਦੇ ਤਿੰਨ ਫ਼ਾਇਰ ਕਰਨ ਦਾ ਹੁਕਮ ਦਿਤਾ। ਗੋਲੀਆਂ ਦੀ ਬੁਛਾੜ ਨਾਲ ਬਹੁਤ ਸਾਰੇ ਸਿੰਘ ਜ਼ਖਮੀ ਹੋ ਗਏ, ਪਰ ਫੇਰ ਵੀ ਉਹ ਡਿੱਗਦੇ-ਢਹਿੰਦੇ ਅੱਗੇ ਵਧੀ ਗਏ। ਗੋਲੀ-ਕਾਂਡ ਪਿੱਛੋਂ ਜਦੋਂ ਡਾ: ਕਿਚਲੂ ਤੇ ਪ੍ਰੋ: ਗਿਡਵਾਨੀ ਉਥੇ ਪੁੱਜੇ ਤਾਂ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ੨੯ ਫ਼ਰਵਰੀ ਨੂੰ "ਸਿਵਲ ਐਂਡ ਮਿਲਟਰੀ ਗਜ਼ਟ" ਵਿਚ ਛਪੀ ਇਕ ਖ਼ਬਰ ਵਿਚ ਸ਼ਹੀਦਾਂ ਦੀ ਗਿਣਤੀ ੧੮ ਤੇ ਜ਼ਖਮੀਆਂ ਦੀ ੬੦ ਦਸੀ ਗਈ ਸੀ, ਪਰ ਇਸ ਗੋਲੀ ਕਾਂਡ ਵਿਚ ਅਸਲੀ ਕਿੰਨੇ ਲੋਕ ਸ਼ਹੀਦ ਹੋਏ ਜਾਂ ਜ਼ਖਮੀ ਹੋਏ, ਦਾ ਅਨੁਮਾਨ ਨਹੀਂ ਲੱਗ ਸਕਿਆ। ਇਹ ਘਟਨਾ ੨੧ ਫ਼ਰਵਰੀ ਨੂੰ ਵਾਪਰੀ ਸੀ। ੨੯ ਫ਼ਰਵਰੀ ਨੂੰ ਪੰਡਤ ਮਦਨ ਮੋਹਨ ਮਾਲਵੀਆ ਨੇ ਅਸੈਂਬਲੀ ਵਿਚ ਹੱਤਿਆ-ਕਾਂਡ ਬਾਰੇ ਬਿਆਨ ਦਿੰਦਿਆਂ ਹਿੰਦ ਸਰਕਾਰ ਉਤੇ ਸਖ਼ਤ ਦੂਸ਼ਣ ਲਗਾਏ ਤੇ ਕਿਹਾ ਕਿ ਸਰਕਾਰ ਨੇ ਕਿਸ ਦੇ ਹੁਕਮ ਨਾਲ ਨਾਭੇ ਦੇ ਮੁੱਖ-ਪ੍ਰਬੰਧਕ ਨੂੰ ਫੌਜ ਜਮ੍ਹਾ ਕਰਨ, ਤੇ ਲੂਇਸ-ਗੰਨਾਂ ਇਕੱਠੀਆਂ ਕਰਨ ਤੇ ਘੋੜ-ਸਵਾਰ ਫੌਜ ਜਮ੍ਹਾ ਕਰਨ ਦੀ ਛੁੱਟੀ ਦਿਤੀ ਹੋਈ ਹੈ? ਉਨ੍ਹਾਂ ਕਿਹਾ ਕਿ ਇਹ ਸਾਰਾ ਸਾਕਾ ਇਕ ਸਾਊ ਸਰਕਾਰ ਦੇ ਮੱਥੇ ਉਤੇ ਕਲੰਕ ਹੈ। ਅਹਿੰਸਾ ਦੀ ਕਸਮ ਖਾ ਕੇ ਬੇ-ਹਥਿਆਰੇ, ਗੁਰਦੁਆਰੇ ਜਾ ਰਹੇ ਲੋਕਾਂ ਉਤੇ ਗੋਲੀਆਂ ਚਲਾਈਆਂ ਗਈਆਂ, ਅਨੇਕਾਂ ਲੋਕਾਂ ਨੂੰ ਮਾਰ ਦਿਤਾ ਗਿਆ, ਜਿਨ੍ਹਾਂ ਵਿਚੋਂ ਕਈਆਂ ਨੂੰ ਸਾੜ ਦਿਤਾ ਗਿਆ, ਕੁਝ ਇਕ ਨੂੰ ਦਬਾ ਦਿਤਾ ਗਿਆ, ਤੇ ਕਈਆਂ ਨੂੰ ਦੂਰ-ਦੁਰਾਡੇ ਥਾਵਾਂ ਉਤੇ ਘੱਲ ਦਿਤਾ ਗਿਆ। ਇਸ ਸਭ ਕੁਝ ਦੀ ਪੜਤਾਲ ਹੋਣੀ ਚਾਹੀਦੀ ਹੈ।

ਮੋਰਚਾ ਹੋਰ ਭੱਖਦਾ ਵੇਖ ਕੇ ਸਰਕਾਰ ਫ਼ੈਸਲਾ ਕਰਨ ਨੂੰ ਤਿਆਰ ਹੋ ਗਈ, ਪਰ ਸ਼ਰਤਾਂ ਅਜਿਹੀਆਂ ਸਨ,



www.AKJ.Org

ਜੋ ਅਕਾਲੀਆਂ ਨੂੰ ਪ੍ਰਵਾਨ ਨਹੀਂ ਸਨ । ਅੰਤ ਸਰਕਾਰ ਨੇ ਅਖੰਡ ਪਾਠ ਕਰਨ, ਸ਼ਹੀਦਾਂ ਦੀਆਂ ਆਤਮਾਵਾਂ ਦੀ ਸ਼ਾਂਤੀ ਲਈ ਅਰਦਾਸ ਕਰਨ ਆਦਿ ਦੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ । ਸ਼ਰੋਮਣੀ ਕਮੇਟੀ ਨੇ ਇਹ ਮੰਨ ਲਿਆ ਕਿ ਅਖੰਡ-ਪਾਠ ਦੇ ਆਰੰਭ ਹੋ ਜਾਣ ਤੇ ਜੈਤੋਂ ਨੂੰ ਹੋਰ ਜੱਥੇ ਭੇਜਣੇ ਬੰਦ ਕਰ ਦਿਤੇ ਜਾਣਗੇ । ਪੈਦਲ ਮਾਰਚ ਕਰਦੇ ਜੱਥੇ ਰਸਤੇ ਵਿਚ ਪ੍ਰਚਾਰ ਕਰਦੇ ਆਉਂਦੇ ਸਨ । ਇਸ ਤੋਂ ਸਰਕਾਰ ਬਹੁਤ ਵਿੜ੍ਹਦੀ ਸੀ । ਇਸ ਦਾ ਹੱਲ ਇਹ ਲੱਭਿਆ ਗਿਆ ਕਿ ਜੱਥਿਆਂ ਨੂੰ ਰੇਲ ਗੱਡੀ ਰਾਹੀਂ ਭੇਜਿਆ ਜਾਵੇ, ਪਰ ਇਹ ਗੱਲ ਸਿਰੇ ਨਾ ਚੜ੍ਹ ਸਕੀ ।

ਦੂਸਰਾ ਜੱਥਾ ਜੈਤੋ ਨੂੰ ਜਾਣ ਲਈ ਤਿਆਰ ਹੋ ਚੁੱਕਾ ਸੀ ਕਿ ਮਹਾਤਮਾ ਗਾਂਧੀ ਤੇ ਲਾਲਾ ਲਾਜਪਤ ਰਾਏ ਦੇ ਅੱਡ-ਅੱਡ ਸੁਨੇਹੇ ਪੁੱਜ ਗਏ ਕਿ ਅਜੇ ਹੋਰ ਜੱਥੇ ਨਾ ਭੇਜੇ ਜਾਣ । ਸ਼ਰੋਮਣੀ ਕਮੇਟੀ ਨੇ ੨੦ ਅਪ੍ਰੈਲ ਨੂੰ ਇਨ੍ਹਾਂ ਸੁਨੇਹਿਆਂ ਦੇ ਉੱਤਰ ਘੱਲ ਦਿਤੇ ਅਤੇ ਦਸਿਆ ਕਿ ਇਹ ਅੰਦੋਲਨ ਨਿਰੋਲ ਧਾਰਮਿਕ ਹੈ ਤੇ ਇਸ ਦਾ ਆਸ਼ਾ ਕੌਮੀ ਹੈ । ਕਾਂਗਰਸ ਤੇ ਖ਼ਿਲਾਫ਼ਤ ਕਮੇਟੀਆਂ ਨੇ ਇਸ ਅੰਦੋਲਨ ਦੀ ਪੂਰੀ-ਪੂਰੀ ਹਮਾਇਤ ਕੀਤੀ । ੨੮ ਫ਼ਰਵਰੀ ੧੯੨੪ ਨੂੰ ਦੂਸਰਾ ਪੰਜ ਸੌ ਦਾ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਬੜੀ ਸ਼ਾਨ ਨਾਲ ਭਜਿਆ ਗਿਆ । ਇਸ ਜੱਥੇ ਦੇ ਤੁਰਨ ਵੇਲੇ "ਨਿਊਯਾਰਕ ਟਾਈਮਜ਼" ਦਾ ਪੱਤਰਕਾਰ ਮਿਸਟਰ ਜ਼ਿਮੰਡ ਵੀ ਜੱਥੇ ਦੀਆਂ ਫ਼ੋਟੋਆਂ ਲੈਣ ਵਾਲਿਆਂ ਵਿਚ ਸੀ । ਇਸ ਜੱਥੇ ਵਿਚ ਪਿਨਸ਼ਨੀ ਫ਼ੌਜੀ ਵੀ ਸਨ ਤੇ ਕਈ ਨਿਰਮਲੇ ਤੇ ਨਾਮਧਾਰੀ ਵੀ ਸ਼ਾਮਲ ਸਨ । ਖਾਲਸਾ ਕਾਲਜ ਅੰਮ੍ਰਿਤਸਰ ਦੇ ਕੁਝ ਵਿਦਿਆਰਥੀ ਤੇ ਕੁਝ ਪੇਂਡੂ ਬੀਬੀਆਂ ਵੀ ਜੱਥੇ ਦੇ ਨਾਲ ਜਾ ਰਹੀਆਂ ਸਨ । ਇਹ ਜੱਥਾ ੧੪ ਮਾਰਚ ਨੂੰ ਜੈਤੋ ਪੁੱਜਾ । ਪੰਡਤ ਮਦਨ ਮੋਹਨ ਮਾਲਵੀਆ ਤੇ ਅਸੈਂਬਲੀ ਦੇ ਤਿੰਨ ਹੋਰ ਮੈਂਬਰ ਇਸ ਮੌਕੇ ਤੇ ਮੌਜੂਦ ਸਨ । ਕਈ ਟੋਲੀਆਂ ਵਲੋਂ ਜੱਥੇ ਨੂੰ ਅੰਦੋਲਨ ਵਾਪਸ ਲੈਣ ਲਈ ਕਿਹਾ ਗਿਆ, ਪਰ ਜੱਥੇ ਦੇ ਜੱਥੇਦਾਰ ਸਾਹਿਬ ਨੇ ਆਖਿਆ ਕਿ ਸਾਡਾ ਮਕਸਦ ਗੁਰਦੁਆਰਾ ਗੰਗਸਰ ਜਾਣਾ ਅਤੇ ਅਖੰਡ ਪਾਠ ਕਰਨਾ ਹੈ । ਇਹ ਸਾਡਾ ਧਾਰਮਿਕ ਅਧਿਕਾਰ ਹੈ, ਜਿਸ ਨੂੰ ਅਸੀਂ ਛੱਡ ਨਹੀਂ ਸਕਦੇ । ਇਸ ਤਰ੍ਹਾਂ ਇਹ ਜੱਥਾ ਪੁਰਅਮਨ ਢੰਗ ਨਾਲ ਗ੍ਰਿਫ਼ਤਾਰ ਹੋ ਗਿਆ । ਤੀਸਰਾ ਸ਼ਹੀਦੀ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੨੨ ਮਾਰਚ ਨੂੰ ਚਲਿਆ । ਪਿੰਡਾਂ ਵਿਚੋਂ ਦੀ ਪੈਦਲ ਚਲਦਾ ਹੋਇਆ, ਪ੍ਰੋਗਰਾਮ ਅਨੁਸਾਰ ੭ ਅਪਰੈਲ ਨੂੰ ਜੈਤੋ ਜਾ ਪੁੱਜਾ । ਇਸ ਜੱਥੇ ਨੂੰ ਕਿਲ੍ਹੇ ਵਿਚ ਲਿਜਾ ਕੇ ਬੰਦ ਕਰ ਦਿੱਤਾ ਗਿਆ । ਇਸ ਜੱਥੇ ਦੀ ਗ੍ਰਿਫ਼ਤਾਰੀ ਵੇਲੇ ਇਕ ਘਟਨਾ ਵਾਪਰੀ । ਇਕ ਫੌਜੀ ਟੋਲਾ ਇਕ ਅਕਾਲੀ ਸਤਿਆਗ੍ਰਹੀ ਨੂੰ ਘਸੀਟੀ ਲਈ ਜਾ ਰਿਹਾ ਸੀ । ਅਕਾਲੀ ਸਿੰਘ ਦੀ ਦਸਤਾਰ ਲੱਥੀ ਹੋਈ ਸੀ, ਕੇਸ ਖਿਲਰੇ ਹੋਏ ਸਨ । ਫ਼ੌਜੀ ਉਸ ਨੂੰ ਬੂਟਾਂ ਨਾਲ ਠੁੱਡੇ ਮਾਰ ਰਹੇ ਸਨ, ਪਰ ਉਹ ਬੜੇ ਸਬਰ ਨਾਲ ਵਾਰ-ਵਾਰ 'ਵਾਹਿਗੁਰੂ ਵਾਹਿਗੁਰੂ" ਕਹੀ ਜਾ ਰਿਹਾ ਸੀ । ਇਸ ਤੋਂ ਪਤਾ ਲੱਗਦਾ ਹੈ ਕਿ ਅੰਦੋਲਨ ਕਿਤਨਾ ਸ਼ਾਂਤਮਈ ਸੀ ।

ਇਸ ਤਰ੍ਹਾਂ ਇਕ ਪਾਸੇ ਸ਼ਹੀਦੀ ਜੱਥਿਆਂ ਦੇ ਜੈਤੋ ਜਾਣ ਦਾ ਸਿਲਸਿਲਾ ਜਾਰੀ ਸੀ, ਦੂਜੇ ਪਾਸੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਤੇ ਮਾਰ ਕੁਟਾਈਆਂ ਦੇ ਸਿਲਸਿਲੇ ਜਾਰੀ ਸਨ । ਜਬਰ ਦਾ ਟਾਕਰਾ ਸਬਰ ਨਾਲ ਕੀਤਾ ਜਾ ਰਿਹਾ ਸੀ । ਇਸ ਵੇਲੇ ਅੰਦੋਲਨ ਦੀ ਮੁੱਖ ਧਾਰਾ ਜੈਤੋ ਨੂੰ ਲਗਾਤਾਰ ਪੰਜ ਪੰਜ ਸੌ ਦੇ ਸ਼ਹੀਦੀ ਜੱਥੇ ਘਲੀ ਜਾਣਾ ਸੀ । ਜੱਥਿਆਂ ਦੀ ਕੋਈ ਘਾਟ ਨਹੀਂ ਸੀ । ਚੌਥਾ ਸ਼ਹੀਦੀ ਜੱਥਾ ਸ੍ਰੀ ਕੇਸਗੜ੍ਹ ਸਾਹਿਬ ਤੋਂ ਤੁਰਿਆ । ਇਹ ਦੁਆਬੇ ਦੇ ਸਤਿਆਗ੍ਰਹੀਆਂ ਦਾ ਸੀ । ੧੮ ਅਪ੍ਰੈਲ ਨੂੰ ਇਹ ਜੱਥਾ ਫੜ ਲਿਆ ਗਿਆ । ਪੰਜਵਾਂ ਜੱਥਾ ਲਾਇਲਪੁਰ ਜ਼ਿਲੇ ਦੇ ਸਿੰਘਾਂ ਦਾ ਸੀ, ਜੋ ੧੨ ਅਪ੍ਰੈਲ ਨੂੰ ਵਿਦਾ ਕੀਤਾ ਗਿਆ ਸੀ । ਲਾਹੌਰ ਇਸ ਜੱਥੇ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ । ਰਾਵੀ ਪਾਰ ਕਰਦੇ ਜੱਥੇ ਦੀ ਫ਼ਿਲਮ ਲਈ ਗਈ । ਸ਼ਹਿਰ ਵਿਚ ਜੱਥੇ ਦਾ ਸ਼ਾਨਦਾਰ ਜਲੂਸ ਕੱਢਿਆ ਗਿਆ । ੨੬ ਅਪ੍ਰੈਲ ਨੂੰ ਜਦੋਂ ਇਹ ਜੱਥਾ ਖਾਲਸਾ ਕਾਲਜ ਅੰਮ੍ਰਿਤਸਰ ਪੁੱਜਾ ਤਾਂ ਵਿਦਿਆਰਥੀਆਂ ਨੇ ਜੱਥੇ ਦਾ ਸੁਆਗਤ ਕੀਤਾ ਤੇ ਕਾਲਜ ਦੇ ਗੁਰਦੁਆਰੇ ਵਿਚ ਲਿਜਾਕੇ ਰੱਜਕੇ ਸੇਵਾ ਕੀਤੀ । ਜੱਥੇ ਨੂੰ ਮਾਣ-ਪੱਤਰ ਦਿੱਤਾ ਗਿਆ ।

ਇਕ ਜੱਥਾ ਕੈਨੇਡਾ ਤੋਂ ਚਲਿਆ । ਇਸ ਜੱਥੇ ਨੇ ਮੋਰਚੇ ਨੂੰ ਅਸਲੀ ਅਰਥਾਂ ਵਿਚ ਅੰਤਰ-ਰਾਸ਼ਟਰੀ ਸ਼ੁਹਰਤ ਦਾ ਮੋਰਚਾ ਬਣਾ ਦਿੱਤਾ । ਇਹ ੧੧ ਸਿੰਘਾਂ ਦਾ ਜੱਥਾ ੨੭ ਜੁਲਾਈ, ੧੯੨੪ ਨੂੰ ਵੈਨਕੂਵਰ ਤੋਂ ਤੁਰਿਆ ਸੀ । ਅਖ਼ਬਾਰ "ਵੈਨਕੂਵਰ ਮਾਰਨਿੰਗ ਸੰਨ" ਦੇ ਪਹਿਲੇ ਸਫ਼ੇ ਤੇ ਇਨ੍ਹਾਂ ਸਿੰਘਾਂ ਦੀ ਫੋਟੋ ਛਪੀ । ਹੇਠਾਂ ਲਿਖਿਆ ਸੀ



www.AKJ.Org

"ਨਵੇਂ ਜਹਾਦ ਲਈ ਹਿੰਦੁਸਤਾਨ ਨੂੰ ਚਾਲੇ। ਇਹ ਕੈਨੇਡਾ ਨੂੰ ਮੁਜਾਹਿਦਾਂ ਤੇ ਸ਼ਹੀਦਾਂ ਦੇ ਰੋਲ ਵਿਚ ਛੱਡ ਰਹੇ ਹਨ।" ੧੪ ਸਤੰਬਰ ਨੂੰ ਇਹ ਜੱਥਾ ਕਲਕੱਤੇ ਦੀ ਬੰਦਰਗਾਹ ਉਤੇ ਉਤਰਿਆ। ਇਸ ਦਾ ਸ਼ਾਨਦਾਰ ਸੁਆਗਤ ਹੋਇਆ। ਇਹ ਜੱਥਾ ਅਲਾਹਬਾਦ, ਕਾਨ੍ਹਪੁਰ, ਦਿੱਲੀ, ਅੰਬਾਲਾ, ਲੁਧਿਆਣਾ, ਜਲੰਧਰ ਹੁੰਦਾ ਹੋਇਆ ਅੰਮ੍ਰਿਤਸਰ ਪਹੁੰਚਿਆ। ਇਸ ਜੱਥੇ ਦੇ ਪੁਜਣ ਨਾਲ ਨਵਾਂ ਉਤਸ਼ਾਹ ਤੇ ਜੋਸ਼ ਪੈਦਾ ਹੋ ਗਿਆ। ਪੰਜਾਬ ਦੇ ਜ਼ਿਲਿਆਂ ਦਾ ਪੈਦਲ ਦੌਰਾ ਕਰਦਾ ਹੋਇਆ ਇਹ ਸੂਰਬੀਰਾਂ ਦਾ ਜੱਥਾ ੨੧ ਫਰਵਰੀ ੧੯੨੫ ਨੂੰ ਜੈਤੋ ਪੁੱਜਾ, ਜਿਥੇ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜ-ਪੰਜ ਸੌ ਦੇ ਸ਼ਹੀਦੀ ਜੱਥਿਆਂ ਦੇ ਲਗਾਤਾਰ ਪੁੱਜਣ ਨਾਲ ਸਰਕਾਰ ਦੇ ਪੈਰ ਹਿੱਲ ਗਏ। ਸਰਕਾਰ ਨੇ ਬੜੇ ਗੁੱਸੇ ਵਿਚ ਐਲਾਨ ਕੀਤਾ ਕਿ ਅਕਾਲੀਆਂ ਨੂੰ ਸਿਵਲ ਜਾਂ ਮਿਲਟਰੀ ਦੇ ਕਿਸੇ ਵੀ ਮਹਿਕਮੇ ਵਿਚ ਛੋਟੀ ਜਾਂ ਵੱਡੀ ਕੋਈ ਨੌਕਰੀ ਨਾ ਦਿੱਤੀ ਜਾਵੇ। ਇਸ ਸੰਬੰਧੀ "ਹਿੰਦੁਸਤਾਨ ਟਾਈਮਜ਼" ਦਿੱਲੀ ਨੇ ਆਪਣੇ ੧੩ ਫਰਵਰੀ, ੧੯੨੫ ਦੇ ਪਰਚੇ ਵਿਚ ਸੁਰਖੀ ਦੇ ਕੇ ਲਿਖਿਆ, "ਸਿੱਖਾਂ ਉਤੇ ਪਾਬੰਦੀ–ਅਕਾਲੀਆਂ ਨੂੰ ਨੌਕਰੀਆਂ ਤੋਂ ਵਾਂਝਿਆਂ ਕਰ ਦਿੱਤਾ ਗਿਆ।" ਜਦੋਂ ਕੇਂਦਰੀ ਸਰਕਾਰ ਨੂੰ ਯਕੀਨ ਹੋ ਗਿਆ ਕਿ ਇਹ ਅੰਦੋਲਨ ਸਖ਼ਤੀ ਨਾਲ ਨਹੀਂ ਦਬਾਇਆ ਜਾ ਸਕਦਾ ਤਾਂ ਜੈਤੋ ਦੀ ਸਮੱਸਿਆ ਦੇ ਹੱਲ ਬਾਰੇ ਇਕ ਪਾਲਿਸੀ ਤਿਆਰ ਕੀਤੀ ਗਈ। ਹੁਣ ਤੱਕ ਨਾਭੇ ਵਿਚ ੩੭੦੦ ਸਤਿਆਗ੍ਰਹੀ ਕੈਦ ਸਨ, ਜਿਨ੍ਹਾਂ ਵਿਚੋਂ ੯੦੦ ਤੋਂ ਕੁਝ ਵੱਧ ਪਹਿਲੇ ਤੇ ਦੂਸਰੇ ਸ਼ਹੀਦੀ ਜੱਥਿਆਂ ਨਾਲ ਸੰਬੰਧਤ ਸਨ। ਵਿਉਂਤ ਇਹ ਬਣਾਈ ਗਈ ਕਿ ਜਿਹੜੇ ਅਕਾਲੀ ਕੈਦੀ ਆਪਣਾ ਥਾਂ-ਟਿਕਾਣਾ ਨਾ ਦੱਸਣ, ਉਨ੍ਹਾਂ ਨੂੰ ਅੰਬਾਲਾ, ਜਲੰਧਰ ਤੇ ਲਾਹੌਰ ਵਿਚੋਂ ਕਿਸੇ ਵੀ ਥਾਂ ਦੇ ਟਿਕਟ ਦੇ ਦਿੱਤੇ ਜਾਣ। ਪਹਿਲੇ ਤੇ ਦੂਸਰੇ ਜੱਥਿਆਂ ਦੇ ਸਿੰਘਾਂ ਨੂੰ ਫਿਰੋਜ਼ਪੁਰ ਭੇਜ ਦਿੱਤਾ ਜਾਵੇ, ਜੇ ਉਹ ਪਤੇ ਦੱਸਣ ਤੋਂ ਇਨਕਾਰ ਕਰਨ ਤਾਂ। ਜੇਕਰ ਪਤੇ ਦੱਸ ਦੇਣ ਤਾਂ ਉਨ੍ਹਾਂ ਦੇ ਟਿਕਾਣਿਆਂ ਦੇ ਟਿਕਟ ਦਿੱਤੇ ਜਾਣ।

ਅੰਤ ੨੧ ਜੁਲਾਈ ਲੌਢੇ ਵੇਲੇ ਅਖੰਡ ਪਾਠ ਸ਼ੁਰੂ ਹੋ ਗਏ। ਇਸ ਮੌਕੇ ਤੇ ਜੱਥੇਦਾਰ ਅਕਾਲ ਤਖਤ ਸਾਹਿਬ, ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਪ੍ਰਧਾਨ ਅਕਾਲੀ ਦਲ ਵਲੋਂ ਇਕ ਸਾਂਝਾ ਇਸ਼ਤਿਹਾਰ ਕੱਢਿਆ ਗਿਆ, ਜਿਸ ਦਾ ਸਿਰਲੇਖ ਸੀ "ਗੁਰੂ ਪੰਥ ਦੀ ਸ਼ਾਨਦਾਰ ਫਤਹ।" ਅਖੰਡ ਪਾਠ ਦੀਆਂ ਖ਼ਬਰਾਂ ਜਿਉਂ-ਜਿਉਂ ਫੈਲੀਆਂ, ਸਿੱਖ-ਸੰਗਤਾਂ ਨੇ ਗੰਗਸਰ ਵੱਲ ਧਾਈਆਂ ਪਾ ਦਿੱਤੀਆਂ। ਸੰਗਤਾਂ ਦਾ ਹੜ੍ਹ ਅਥਾਹ ਸੀ। ਉਧਰੋਂ ਜ਼ੋਰ ਦੀ ਬਾਰਸ਼ ਹੋ ਜਾਣ ਕਰਕੇ ਵੀ ਹੜ੍ਹ ਆ ਗਿਆ। ਥਾਂ ਦੀ ਥੁੜ੍ਹ ਕਰਕੇ ਬਹੁਤ ਮੁਸ਼ਕਿਲ ਹੋਈ, ਪਰ ਸਿੰਘ ਇਸ ਤੋਂ ਵੀ ਵੱਧ ਕਸ਼ਟ ਸਹਿਣ ਦੇ ਆਦੀ ਹੋ ਚੁਕੇ ਸਨ। ਨਾਭਾ ਰਿਆਸਤ ਦੇ ਬਹੁਤ ਸਾਰੇ ਅਕਾਲੀ ਰਿਆਸਤ ਵਿਚੋਂ ਕੱਢ ਦਿੱਤੇ ਗਏ ਹੋਏ ਸਨ ਤੇ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ ਸਨ। ਅਖੰਡ ਪਾਠ ਵਿਚ ਹਿੱਸਾ ਲੈਣ ਲਈ ਜਲਾਵਤਨ ਤੇ ਕੈਦੀ ਰਿਹਾ ਕਰ ਦਿੱਤੇ ਗਏ। ਛੇ ਅਗਸਤ ਨੂੰ ਅਖੰਡ ਪਾਠਾਂ ਦਾ ਭੋਗ ਪਿਆ। ਫ਼ੈਸਲੇ ਅਨੁਸਾਰ ਸਾਰੇ ਸ਼ਹੀਦੀ ਜੱਥਿਆਂ ਦੇ ਸਿੰਘਾਂ ਨੇ ਤਰਨਤਾਰਨ ਵਿਚ ਇਕੱਠੇ ਹੋ ਕੇ ਪੈਦਲ ਜਲੂਸ ਦੀ ਸ਼ਕਲ ਵਿਚ ਅੰਮ੍ਰਿਤਸਰ ਪੁਜਣਾ ਸੀ। ੨੯ ਜੁਲਾਈ ਨੂੰ ਪਹਿਲਾ ਸ਼ਹੀਦੀ ਜੱਥਾ ਤੇ ੩੦ ਜੁਲਾਈ ਨੂੰ ਦੂਸਰਾ ਤੇ ਚੌਧਵਾਂ ਸ਼ਹੀਦੀ ਜੱਥਾ ਗੱਡੀ ਰਾਹੀਂ ਤਰਨਤਾਰਨ ਨੂੰ ਤੋਰ ਦਿੱਤੇ ਗਏ। ਬਹੁਤ ਸਾਰੇ ਸਿੰਘ ਪਾਟੇ ਹੋਏ ਕੱਪੜਿਆਂ ਵਿਚ, ਪੈਰੋਂ ਨੰਗੇ, ਬਿਮਾਰੀ ਦੀ ਹਾਲਤ ਵਿਚ ਪਹਿਲਾਂ ਹੀ ਅੰਮ੍ਰਿਤਸਰ ਪੁੱਜ ਚੁਕੇ ਸਨ।

੧੯ ਪਾਲਕੀਆਂ, ੧੦੦ ਤੋਂ ਵੱਧ ਨਿਸ਼ਾਨ ਸਾਹਿਬ ਤੇ ਸੈਂਕੜੇ ਕਿਰਪਾਨਾਂ ਆਦਿ ਜੋ ਸਾਮਾਨ ਸਿੰਘਾਂ ਤੋਂ ਖੋਹਿਆ ਹੋਇਆ ਸੀ, ਉਨ੍ਹਾਂ ਨੂੰ ਵਾਪਸ ਕਰ ਦਿੱਤਾ ਗਿਆ। ੩੧ ਜੁਲਾਈ ਨੂੰ ਪੰਜਵਾਂ ਤੇ ਸੱਤਵਾਂ ਜੱਥਾ ਵੀ ਤਰਨਤਾਰਨ ਨੂੰ ਭੇਜ ਦਿੱਤਾ ਗਿਆ। ੧੦੧ ਅਖੰਡ-ਪਾਠਾਂ ਦੇ ਭੋਗ ਉਤੇ ਚਾਰ ਚੁਫੇਰਿਓਂ ਵਧਾਈ ਦੀਆਂ ਤਾਰਾਂ ਖੜਕ ਗਈਆਂ। ਇਕ ਅਨੁਮਾਨ ਅਨੁਸਾਰ ਪਾਠਾਂ ਉਤੇ ਇਕ ਲੱਖ ਰੁਪਏ ਤੋਂ ਵੱਧ ਖਰਚ ਆਇਆ। ਸੂਰਬੀਰ, ਸ਼ਹੀਦੀ ਜੱਥਿਆਂ ਦੇ ਸਿੰਘਾਂ ਨੂੰ ਦੇਣ ਲਈ ਦੱਸ ਹਜ਼ਾਰ ਸਿਰੋਪੇ ਤਿਆਰ ਕੀਤੇ ਗਏ। ਅੰਮ੍ਰਿਤਸਰ ਸ਼ਹਿਰ ਵਿਚ ਸੰਗਤਾਂ ਧੜਾ-ਧੜ ਮਾਇਆ ਦਾਨ ਕਰ ਰਹੀਆਂ ਸਨ। ਅਮਰੀਕੀ ਸਿੰਘਾਂ ਨੇ ਤਿੰਨ ਹਜ਼ਾਰ ਡਾਲਰ ਇਸ ਕਾਰਜ ਲਈ ਭੇਜੇ।

**੯ ਅਗਸਤ, ੧੯੨੫** ਨੂੰ ਮਿੱਥੇ ਪ੍ਰੋਗਰਾਮ ਅਨੁਸਾਰ "ਰਣਜੀਤ ਫ਼ੌਜਾਂ" ਤਰਨ-ਤਾਰਨ ਤੋਂ ਪੈਦਲ ਚਲ ਕੇ ਅੰਮਿਤਸਰ ਪੁਜੀਆਂ। ਅਗਲੇ ਦਿਨ ਉਨ੍ਹਾਂ ਨੂੰ ਸਿਰੋਪੇ ਤੇ ਮਾਣ-ਪੱਤਰ ਦਿੱਤੇ ਗਏ ਅਤੇ ਇਸ ਤਰ੍ਹਾਂ ਜੈਤੋ ਦਾ ਮੋਰਚਾ ਬੜੀ ਸ਼ਾਨ ਨਾਲ ਫ਼ਤਹ ਹੋਇਆ।



www.AKJ.Org

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਮਾਇਆ ਪੁਜੀ ਹੈ—

| | | | |
|---|---|---|---|
| ਸ: ਮਨਮੋਹਨ ਸਿੰਘ, ਲਾਸ ਏਂਜਲ ਅਮਰੀਕਾ | ੨੦੦੦-੦੦ | ਸ: ਪ੍ਰਦੰਮਨ ਸਿੰਘ, ਜਲੰਧਰ | ੧੦੦-੦੦ |
| ਗੁਪਤ ... ... ... | ੩੦੦-੦੦ | ਸਾਧ ਸੰਗਤ ਐਮਸਟਰਡਮ, ਹਾਲੈਂਡ | ੫੮੬੪-੪੭ |
| ਸ: ਜਗਤਾਰ ਸਿੰਘ, ਤਰਨ ਤਾਰਨ | ੩੦੦-੦੦ | ਸ: ਜਰਨੈਲ ਸਿੰਘ, ਰੈਡਿੰਗ ਯੂ ਕੇ (ਕੀਰਤਨ ਭੇਟ) | ੩੨੫੦-੦੦ |
| ਸ: ਹਰਦਿਤ ਸਿੰਘ, ਦਿਲੀ | ੨੦੦-੦੦ | ਬੀ: ਸੀਤਲ ਕੌਰ ਤੇ ਸਰਨਜੀਤ ਕੌਰ ਰੈਡਿੰਗ ਯੂ ਕੇ | ੧੨੦੦-੦੦ |
| ਸ: ਕੇਹਰ ਸਿੰਘ, ਜਗਰਾਉਂ | ੧੦੦-੦੦ | ਸੰਗਤ ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ ਕੋਵੈਂਟਰੀ | |
| ਸ: ਹਰਜਿੰਦਰ ਸਿੰਘ ਲੁਧਿਆਣਾ | ੫-੦੦ | (ਕੀਰਤਨ ਭੇਟ) | ੫੭੫੦-੦੦ |
| ਗੁਪਤ ... ... ... | ੧੦੧-੦੦ | ਸ: ਅਜੀਤ ਸਿੰਘ, ਬਰਮਿੰਘਮ ਯੂ ਕੇ | ੧੫੨੫-੦੦ |
| ਗੁਪਤ ... ... ... | ੫੦-੦੦ | ਸ: ਮੋਹਨ ਸਿੰਘ ਹੋਠੀ, ਸਲੋਅ ਯੂ ਕੇ | ੫੦੦-੦੦ |
| ਗੁਪਤ ... ... ... | ੧੦,੦੦੦-੦੦ | ਸੰਗਤ ਗੁਰਦਵਾਰਾ ਲੇਟਨ ਯੂ ਕੇ (ਕੀਰਤਨ ਭੇਟ) | ੫੭੫੦-੦੦ |
| ਸੂਬੇਦਾਰ ਰਾਮ ਸਿੰਘ, ਸਰਾਭਾ | ੧੫੧-੦੦ | ਸੰਗਤ ਗੁਰੂ ਨਾਨਕ ਗੁਰਦਵਾਰਾ ਵੈਸਟਬ੍ਰਾਮਵਿਚ ਯੂ ਕੇ | ੧੮੦੦-੦੦ |
| ਗੁਪਤ ... ... ... | ੨੫੦-੦੦ | ਸ: ਸਤਨਾਮ ਸਿੰਘ ਸਾਊਥਾਲ ਯੂ ਕੇ (ਕੀਰਤਨ ਭੇਟ) | ੩੭੫-੦੦ |
| ਸ: ਕੰਵਲਜੀਤ ਸਿੰਘ, ਅਮਰੀਕਾ | ੨੦੦੦-੦੦ | ਸ: ਮਲਕੀਅਤ ਸਿੰਘ, ਸਲੋਅ ਯੂ ਕੇ | ੬੨੫-੦੦ |
| ਗੁਪਤ ... ... ... | ੨੦੦੪-੫੦ | ਬੀਬੀ ਸਵਰਨ ਕੌਰ, ਸਲੋਅ ,, | ੬੨੫-੦੦ |
| ਗੁਪਤ ... ... ... | ੩੦੦-੦੦ | ਮਿਸਟਰ ਅਸ਼ੋਕ ਕੁਮਾਰ, ਸਲੋਅ ,, | ੧੨੫੦-੦੦ |
| ਸ: ਮੋਹਨ ਸਿੰਘ, ਬੁਲੋਂਵਾਲ | ੨੦੦-੦੦ | ਬੀਬੀ ਬਲਜੀਤ ਕੌਰ, ਸਲੋਅ ,, | ੨੫੦-੦੦ |
| ਸ: ਗੁਰਦਿਆਲ ਸਿੰਘ ਅਮਰੀਕਸਿੰਘ,ਲੁਧਿਆਣਾ | ੧੦੧੦-੦੦ | ਬੀਬੀ ਸੁਰਿੰਦਰ ਕੌਰ, ਸਲੋਅ ,, | ੧੨੫-੦੦ |
| ਸ: ਹਰਮੀਤ ਸਿੰਘ, ਲਧਿਆਣਾ | ੧੦੧-੦੦ | ਸੰਗਤਗੁਰੂਨਾਨਕਸਿਖ ਟੈਂਪਲ ਪ੍ਰੈਸਟਨ ਯੂਕੇ (ਕੀਰਤਨਭੇਟ) | ੯੫੦-੦੦ |
| ਸ: ਸਤਨਾਮ ਸਿੰਘ, ਪੱਟੀ | ੧੦੦-੦੦ | ਸ: ਹਰਭਜਨ ਸਿੰਘ | ੪੯੦-੦੦ |
| ਬੀਬੀ ਜਸਬੀਰ ਕੌਰ, ਪੱਟੀ | ੧੦੦-੦੦ | ਸ: ਜੋਗਿੰਦਰ ਸਿੰਘ, ਤਰਨ ਤਾਰਨ (ਸਮਾਗਮ ਚੜ੍ਹਾਵਾ) | ੧੬੦-੦੦ |
| ਸ: ਮਨਜਿੰਦਰ ਸਿੰਘ ਗਰੇਵਾਲ, ਕਿਰਬੀ ਯੂ ਕੇ | ੧੦੧-੦੦ | ਸ: ਪੂਰਨ ਸਿੰਘ, ਖਾਨੋਵਾਲ (ਕਪੂਰਥਲਾ) | ੫੦-੦੦ |
| ਸ: ਅਮਰਜੀਤ ਸਿੰਘ ਸੰਧੂ, Mississauga ਕੈਨੇਡਾ | ੫੦੧-੦੦ | CPL ਕੁਲਦੀਪ ਸਿੰਘ, ਜਲਾਹਲੀ ਵੈਸਟ | ੧੦੦-੦੦ |
| ਦਸ਼ਮੇਸ਼ ਸੋਪ ਫ਼ੈਕਟਰੀ, ਨਾਰੰਗਵਾਲ | ੧੦੧-੦੦ | JWO ਤੇਜਿੰਦਰ ਸਿੰਘ ਮਦਰਾਸ | ੧੦੦-੦੦ |
| ਗੁਪਤ ... ... ... | ੨੦੦-੦੦ | ਬੀਬੀ ਨਿਰੰਜਨ ਕੌਰ, ਅਰਲਿੰਗਟਨ, ਅਮਰੀਕਾ | ੫੧੦੦-੦੦ |
| ਸੰਗਤ ਕੋਪਨ ਹੈਗਨ, ਡੈਨਮਾਰਕ | ੩੨੭੨-੦੦ | ਸ: ਸੁਰਿੰਦਰ ਸਿੰਘ, ਪੱਟੀ(ਮਦਰਾਸੀ ਪਰਵਾਰ ਲਈ) | ੧੦੦-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਗੁਰਨਾਮ ਕੌਰ ਮਾਤਾ ਸ਼ਹੀਦ ਰਵਿੰਦਰ ਸਿੰਘ —ਘਰੇਲੂ ਖਰਚਾਂ ਤੇ ਕਾਰੋਬਾਰ ਲਈ | ੫੦੦੦-੦੦ |
| ਸ: ਤਰਸੇਮ ਸਿੰਘ ਪਿਤਾ ਸ: ਬਲਬੀਰ ਸਿੰਘ, ਪਰਤਾਪਪੁਰਾ (ਲੁਧਿਆਣਾ) —ਪੁਤਰ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਬੀਬੀ ਸਵਿੰਦਰ ਕੌਰ ਮਾਤਾ ਸ਼ਹੀਦ ਹਰਪਾਲ ਸਿੰਘ, ਸੁਲਤਾਨਵਿੰਡ—ਪੁਤਰ ਸ਼ਹੀਦ, ਘਰੋਗੀ ਖਰਚ | ੫੦੦੦-੦੦ |
| ਬੀਬੀ ਗੁਰਬਚਨ ਕੌਰ ਮਾਤਾ ਭਾ: ਬਲਦੇਵ ਸਿੰਘ, ਮਤੇ ਕੀ ਸਰਾਂ (ਅੰਮ੍ਰਿਤਸਰ) – ਪੁਤਰ ਜੇਲ੍ਹ, ਕੇਸ ਦੀ ਪੈਰਵੀ | ੧੦,੦੦੦-੦੦ |
| ਬੀਬੀ ਜਸਬੀਰ ਕੌਰ ਪਤਨੀ ਸ਼ਹੀਦ ਰੌਸ਼ਨ ਸਿੰਘ, ਬੂਥਗੜ੍ਹ (ਹੁਸ਼ਿਆਰਪੁਰ)—ਪਤੀ ਸ਼ਹੀਦ, ਬਚਿਆਂ ਦੀ ਪੜ੍ਹਾਈ | ੫੦੦੦-੦੦ |
| ਸ੍ਰੀਮਤੀ ਵੀਰਾਂ ਵਾਲੀ ਮਾਤਾ ਸ਼ਹੀਦ ਅਜੈ ਕੁਮਾਰ, ਅੰਮ੍ਰਿਤਸਰ—ਮਾਤਾ ਬਿਰਧ, ਘਰੇਲੂ ਗੁਜ਼ਾਰੇ ਲਈ | ੨੦੦੦-੦੦ |
| ਫ਼ੌਜੀ ਅਤੇ ਸ਼ਹੀਦੀ ੩੯ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ | ੮੧੫੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗੀ ਭਾਈ ਭਜਨ ਸਿੰਘ (ਮਦਰਾਸੀ ਪਰਵਾਰ) | ੬੦੦-੦੦ |

## ਅਖੰਡ ਕੀਰਤਨੀ ਜਥਾ ਯੂ ਕੇ ਵਲੋਂ ਰੈਣ ਸਬਾਈ ਕੀਰਤਨ ਤੇ ਧੰਨਵਾਦ

੧ ਯੂ ਕੇ ਪੱਧਰ ਤੇ ਰੈਣ ਸਬਾਈ ਕੀਰਤਨ ਗੁਰਦਵਾਰਾ ਸਿਖ ਟੈਂਪਲ, 31—ਰੂਟਲੈਂਡ ਰੋਡ, ਮੇਡਨ ਹੈਡ, ਬ੍ਰਕਸ ਯੂ ਕੇ ਵਿਖੇ
ਫ਼ੋਨ ਗੁਰਦਵਾਰਾ ਸਾਹਿਬ 23507, ਫ਼ੋਨ ਪ੍ਰੈਜ਼ੀਡੈਂਟ 28536

੨ ਜਥੇਦਾਰ ਭਾ: ਦੀਦਾਰ ਸਿੰਘ ਅਖੰਡ ਕੀਰਤਨੀ ਜਥਾ ਯ ਕੇ ਵਲੋਂ ਧੰਨਵਾਦ—ਸਿੰਘਾਪੁਰ, ਆਸਟਰੇਲੀਆ, ਕੈਨ, ਐਕਲੈਂਡ, ਸਿਡਨੀ, ਅਮਰੀਕਾ, ਸਾਨ ਫ਼ਰਾਂਸਿਸਕੋ, ਆਇਰਲੈਂਡ ਆਦਿ ਮੁਲਕਾਂ ਦੀਆਂ ਸੰਗਤਾਂ, ਕਮੇਟੀਆਂ, ਸੇਵਾਦਾਰਾਂ ਦਾ; ਜਿਥੇ ਜਿਥੇ ਜਥਾ ਕੀਰਤਨ ਤੇ ਅੰਮ੍ਰਿਤ ਸਿੰਚਾਰ ਦੀ ਸੇਵਾ ਲਈ ਵਿਚਰਦਾ ਰਿਹਾ ਹੈ, ਮਿਲਵਰਤਣ ਦੇਣ ਲਈ ਬਹੁਤ ਬਹੁਤ ਧੰਨਵਾਦ।

U.S.A. ਵੈਕਾਵਿਲ ਸ਼ਹਿਰ, ਗ੍ਰਹਿ ਭਾ: ਜੋਗਿੰਦਰ ਸਿੰਘ, 17 ਫ਼ਰਵਰੀ ਸ਼ਨੀਵਾਰ, ਰੈਣ ਸਬਾਈ ਕੀਰਤਨ

www.AKJ.Org

# ਪਟਿਆਲਾ ਸਾਲਾਨਾ ਅਖੰਡ ਕੀਰਤਨ ਸਮਾਗਮ ਤੇ ਰੈਣ ਸਬਾਈ

## ੮ ਫ਼ਰਵਰੀ ਵੀਰਵਾਰ ਸਵੇਰ ਤੋਂ ੧੧ ਫ਼ਰਵਰੀ ੧੯੯੦ ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਭਾ: ਸਾ: ਭਾ: ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥਿਆਂ ਵਲੋਂ ਪਟਿਆਲਾ ਦੂਖ ਨਿਵਾਰਨ ਸਾਹਿਬ ਵਿਖੇ ਕੀਰਤਨ ਹੋ ਰਹੇ ਹਨ। ੮ ਫ਼ਰਵਰੀ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਦੂਖ ਨਿਵਾਰਨ ਸਾਹਿਬ, ਸ਼ਾਮ ੪ ਤੋਂ ੬, ਸ਼ਾਮ ਸੋਦਰ ਦੀ ਚੌਕੀ। ੯ ਫ਼ਰਵਰੀ ਸਵੇਰੇ ੫ ਤੋਂ ੧੨ ਕੀਰਤਨ ਗੁ: ਨਵੀਨ ਸਿੰਘ ਸਭਾ ਧਰਮਪੁਰਾ ਬਜ਼ਾਰ, ੫ ਤੋਂ ੮ ਸੋਦਰ ਦੀ ਚੌਕੀ ਗੁਰਦਵਾਰਾ ਦਰਸ਼ਨੀ ਦਰਬਾਰ ਨਾਮਦਾਰ ਖ਼ਾਨ ਰੋਡ, ੧੦ ਫ਼ਰਵਰੀ ਸਵੇਰੇ ਭੋਗ ਅਖੰਡ ਪਾਠ ਉਪਰੰਤ ੧੨ ਵਜੇ ਤਕ ਕੀਰਤਨ ਦੂਖ ਨਿਵਾਰਨ ਸਾਹਿਬ, ਸ਼ਾਮ ਨੂੰ ਅੰਮ੍ਰਿਤ ਸਮਾਗਮ ਅਤੇ ਰੈਣ ਸਬਾਈ ਕੀਰਤਨ ਅਰੰਭ, ੧੧ ਫ਼ਰਵਰੀ ਸਵੇਰੇ ੮ ਵਜੇ ਸਮਾਪਤੀ।

ਨੋਟ : (੧) ਸੰਗਤਾਂ ਦਾ ਉਤਾਰਾ ਦੂਖ ਨਿਵਾਰਨ ਸਾਹਿਬ ਵਿਖੇ, (੨) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਦਾਸਰੇ ਅਖੰਡ ਕੀਰਤਨੀ ਜਥਾ, ਪਟਿਆਲਾ।

## ਫ਼ਿਰੋਜ਼ਪੁਰ ਸ਼ਹਿਰ ਕਾਂਸ਼ੀ ਨਗਰੀ ਵਿਖੇ ਦਿਵਸ ਸੁਹੇਲਾ ਕੀਰਤਨ ੧੧ ਫ਼ਰਵਰੀ ਨੂੰ

ਭਾਈ ਬਲਵੰਤ ਸਿੰਘ ਖਾਲਸਾ ਦੇ ਗ੍ਰਿਹਿ ਵਿਖੇ ਸਵੇਰੇ ੬ ਤੋਂ ਦੁਪਹਿਰ ਤਕ ਅਖੰਡ ਕੀਰਤਨ ਵਿਚ ਆਇ ਜੁੜੋ ਜੀ।

## ਮਾਸਕ ਰੈਣ ਸਬਾਈ ਕੀਰਤਨ ੧੭ ਫ਼ਰਵਰੀ ਨੂੰ ਭਾ:ਨਾਜ਼ਰ ਸਿੰਘ ਦੇ ਗ੍ਰਿਹਿ ਪਿੰਡ ਮੁਤੋਂ(ਲੁਧਿਆਣਾ) ਵਿਖੇ

## ਵਰਪਾਲ ਚੱਕ (ਗੁਰਦਾਸਪੁਰ) ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ

ਭਾ: ਤ੍ਰਿਲੋਕ ਸਿੰਘ ਰਤਨ ਸਿੰਘ ਧਰਮੀ ਫੌਜੀ ਦੇ ਗ੍ਰਿਹਿ ੩ ਅਪ੍ਰੈਲ ਸਵੇਰੇ ਭੋਗ ਅਖੰਡ ਪਾਠ ਅਤੇ ਰਾਤ ਰੈਣ ਸਬਾਈ ਕੀਰਤਨ।

## ਸੁਲਤਾਨਪੁਰ ਲੋਧੀ ਗੁ: ਅੰਤਰਯਾਮਤਾ ਵਿਖੇ ਅਵਤਾਰ ਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ

ਸੰਤ ਬਾਬਾ ਜਗਤਾਰ ਸਿੰਘ ਜ਼ੀ ਬੇਨਤੀ ਕਰਦੇ ਹਨ ਕਿ ੭-੨-੯੦ ਬੁਧਵਾਰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਅਤੇ ਢਾਡੀ ਵਾਰਾਂ ਗਾਉਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਅਖੰਡ ਕੀਰਤਨੀ ਜਥਿਆਂ ਵਲੋਂ ਹੋਵੇਗਾ, ਆਏ ਜੁੜੋ ਜੀ।

## ਝਾਂਡੇ (ਲਧਿਆਣਾ) ਡਾ: ਗੁਰਚਰਨ ਸਿੰਘ ਦੇ ਗ੍ਰਿਹਿ ੪ ਫ਼ਰਵਰੀ ਸਵੇਰੇ ਦਿਵਸ ਸੁਹੇਲਾ ਕੀਰਤਨ

## ਬੱਚਿਆਂ ਦੀ ਕੀਰਤਨ ਪ੍ਰਤਿਯੋਗਤਾ ਪ੍ਰੀਖਿਆ

ਢਾਢੀ-ਗੁਰੂ ਬਾਬੇ ਦੇ ਦਰੋਂ ਘਰੋਂ ਵਰੋਸਾਏ ਢਾਢੀ ਬੱਚੇ ਵੀਰਿੰਦਰ ਸਿੰਘ ਰੂਪਿੰਦਰ ਸਿੰਘ ਸੰਗਤਾਂ ਦੀ ਗੁਰਬਾਣੀ ਕੀਰਤਨ ਦੁਆਰਾ ਸੇਵਾ ਕਰਦੇ ਹੋਏ ਗੁਰੂ ਨੂੰ ਪਿਆਰੇ ਹੋ ਗਏ। ਢਾਢੀ ਬੱਚੇ ਆਪ ਚਲੇ ਗਏ, ਪਰ ਪਿਛੇ ਕੀਰਤਨ ਦੀ ਮਿੱਠੀ ਯਾਦ ਛੱਡ ਗਏ। ਇਸ ਦੈਵੀ ਯਾਦ ਨੂੰ ਸਦਾ ਸੱਜਰਾ ਰਖਣ ਲਈ ਗੁਰੂ ਪਾਤਿਸ਼ਾਹ ਜੀ ਨੇ ਪ੍ਰੇਰਨਾ ਬਖਸ਼ੀ ਹੈ ਕਿ ਪੰਥ ਦੀ ਬਾਲ-ਫੁਲਵਾੜੀ ਨੂੰ ਗੁਰਬਾਣੀ-ਕੀਰਤਨ ਲਈ ਉਤਸ਼ਾਹਤ ਕੀਤਾ ਜਾਵੇ।

ਇਸ ਸੰਬੰਧ ਵਿਚ ੧੫-੧੬ ਤੋਂ ੨੨-੨੩ ਸਾਲ ਤਕ ਦੀ ਉਮਰ ਦੇ ਅੰਮ੍ਰਿਤ-ਧਾਰੀ ਬੱਚਿਆਂ ਦੀ ਕੀਰਤਨ-ਪ੍ਰੀਖਿਆ ਪਹਿਲੀ ਅਪ੍ਰੈਲ ੧੯੯੦ ਨੂੰ ਹੋਵੇਗੀ। ਪਹਿਲੀਆਂ ਤਿੰਨ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿਤੇ ਜਾਣਗੇ ਅਤੇ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਬਾਕੀ ਬੱਚਿਆਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।

ਹਰੇਕ ਬੱਚੇ ਕੋਲੋਂ ਇਕ ਸ਼ਬਦ ਹੇਠ ਲਿਖੇ ਰਾਗਾਂ ਵਿਚੋਂ ਕਿਸੇ ਇਕ ਰਾਗ ਵਿਚ ਅਤੇ ਦੂਜਾ ਸ਼ਬਦ ਬੱਚੇ ਦੀ ਮਨ-ਪਸੰਦ ਤਰਜ਼ ਤੇ ਸੁਣਿਆ ਜਾਵੇਗਾ :— ਆਸਾ, ਭੈਰਉ, ਭੈਰਵੀ, ਪਹਾੜੀ।

ਪ੍ਰੀਖਿਆ ਵਿਚ ਭਾਗ ਲੈਣ ਵਾਲੇ ਬੱਚੇ ਆਪਣਾ ਨਾਂਅ ਅਤੇ ਸੰਬੰਧਤ ਵੇਰਵੇ (ਪਿਤਾ ਦਾ ਨਾਂਅ, ਐਡਰੈਸ, ਉਮਰ, ਅੰਮ੍ਰਿਤਧਾਰੀ ਹੈ ਜਾਂ ਨਹੀਂ) ਐਡੀਟਰ ਸੂਰਾ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਨੂੰ ੧੫-੩-੯੦ ਤੋਂ ਪਹਿਲਾਂ ਅਵੱਸ਼ ਭੇਜ ਦੇਣ।

ਗੁਰੂ ਪੰਥ ਦੇ ਸੇਵਕ—ਵੀਰ ਰੂਪ ਪਰਵਾਰ

ਡਰਾਫ਼ਟ ਤੇ ਮਨੀਆਰਡਰ ਭੇਜਣ ਦਾ ਪਤਾ :

**'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org